ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 17/12 ਦਸੰਬਰ 2017 – ਨਾਨਕਸ਼ਾਹੀ ਕੱਤਕ- 549

## ਇਤਿਹਾਸਿਕ ਦਿਹਾੜੇ

### ਦਸੰਬਰ 2017 ਅਤੇ ਜਨਵਰੀ 2018

| | | |
|---|---|---|
| ਜਨਮ ਸਾਹਿਬਜ਼ਾਦਾ ਫਤਿਹ ਸਿੰਘ ਜੀ | ੨੯ ਮੱਘਰ | (14-12-17) |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | ੮ ਪੋਹ | (22-12-17) |
| ਪ੍ਰਕਾਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ੧੧ ਪੋਹ | (25-12-2017) |
| ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | ੧੩ ਪੋਹ | (27-12-17) |
| ਜੋੜ-ਮੇਲਾ ਮੁਕਤਸਰ (ਮਾਘੀ) | ੧ ਮਾਘ | (14-01-18) |
| ਨੀਂਹ-ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ | ੧ ਮਾਘ | (14-01-18) |
| ਚਾਬੀਆਂ ਦਾ ਮੋਰਚਾ | ੭ ਮਾਘ | (20-01-18) |
| ਜਨਮ ਬਾਬਾ ਦੀਪ ਸਿੰਘ ਜੀ ਸ਼ਹੀਦ | ੧੪ ਮਾਘ | (27-01-18) |
| ਪ੍ਰਕਾਸ਼ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ | ੧੬ ਮਾਘ | (28-01-2018) |
| ਜਨਮ ਦਿਹਾੜਾ ਭਗਤ ਰਵਿਦਾਸ ਜੀ | ੧੯ ਮਾਘ | (31-01-2018) |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਪੋਖਿ ਤੁਖਾਰੁ ਨ ਵਿਆਪਈ .........॥ (ਜੀਵਨ - ਜੁਗਤਿ)

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥

ਮਾਝ ਬਾਰਹਮਾਹਾ (ਮਃ ੫) - ਅੰਗ ੧੩੫

ਪਦ ਅਰਥ:-ਪੋਖਿ-ਪੋਹ ਮਹੀਨੇ ਵਿਚ ॥ ਤੁਖਾਰੁ-ਕੱਕਰ, ਕੋਰਾ । ਨ ਵਿਆਪਈ-ਜੋਰ ਨਹੀਂ ਪਾਂਦਾ । ਕੰਠਿ-ਗਲ ਵਿਚ, ਗਲ ਨਾਲ (ਹਿਰਦੇ ਵਿਚ) । ਨਾਹੁ-ਨਾਥ, ਖਸਮ, ਪਤੀ । ਬੇਧਿਆ-ਵਿੰਨ੍ਹਿਆ ਜਾਂਦਾ ਹੈ । ਚਰਨਾਰਬਿੰਦ-ਚਰਨ-ਅਰਬਿੰਦ, ਚਰਨ ਕਮਲ । ਦਰਸਨਿ-ਦੀਦਾਰ ਵਿਚ । ਸਾਹੁ-ਇਕ ਇਕ ਸਾਹ, ਬ੍ਰਿਤੀ । ਲਾਹੁ-ਲਾਭ । ਬਿਖਿਆ-ਮਾਇਆ । ਸਾਧੂ-ਗੁਰੂ । ਗੁਣ ਗਾਹੁ-ਗੁਣਾਂ ਦੀ ਵਿਚਾਰ, ਗੁਣਾਂ ਵਿਚ ਚੁੱਭੀ । ਜਹ ਤੇ-ਜਿਸ ਪ੍ਰਭੂ ਤੋਂ । ਸਮਾਹੁ-ਲਿਵ । ਕਰੁ-ਹੱਥ । ਗਹਿ-ਫੜ ਕੇ । ਪਾਰਬ੍ਰਹਮਿ-ਪਾਰਬ੍ਰਹਮ ਨੇ । ਬਾਰਿ ਜਾਉ-ਮੈਂ ਵਾਰਨੇ ਜਾਂਦੀ ਹਾਂ । ਬੇਰੀਆ-ਵਾਰੀ । ਅਗਮ-ਅਪਹੁੰਚ । ਅਗਾਹੁ-ਅਗਾਧ, ਡੂੰਘੇ ਜਿਗਰੇ ਵਾਲਾ । ਸਰਮ-ਲਾਜ । ਸਰਮ ਪਈ-ਇੱਜ਼ਤ ਰੱਖਣੀ ਪਈ । ਦਰਿ-ਦਰ ਉੱਤੇ । ਸੋੁਹੰਦਾ-{ਅਸਲ ਲਫ਼ਜ਼ 'ਸੋਹੰਦਾ' ਹੈ, ਪਾਠ 'ਸੁਹੰਦਾ' ਕਰਨਾ ਹੈ । ਅੱਖਰ 'ਸ' ਦੇ ਨਾਲ ੋ ਅਤੇ ੁ ਦੋਵੇਂ ਲਗਾਂ ਵਰਤੀਆਂ ਹਨ॥}ਸੋਹਣਾ ਲੱਗਦਾ ਹੈ ।

ਅਰਥ :- ਪੋਹ ਦੇ ਮਹੀਨੇ ਜਿਸ ਜੀਵ-ਇਸਤ੍ਰੀ ਦੇ ਗਲ ਨਾਲ (ਹਿਰਦੇ ਵਿਚ) ਪ੍ਰਭੂ-ਪਤੀ ਲੱਗਾ ਹੋਇਆ ਹੋਵੇ ਉਸ ਨੂੰ ਕੱਕਰ (ਮਨ ਦੀ ਕਠੋਰਤਾ, ਕੋਰਾਪਨ) ਜੋਰ ਨਹੀਂ ਪਾ ਸਕਦਾ, (ਕਿਉਂਕਿ) ਉਸਦੀ ਬ੍ਰਿਤੀ ਪ੍ਰਭੂ ਦੇ ਦੀਦਾਰ ਦੀ ਤਾਂਘ ਵਿਚ ਜੁੜੀ ਰਹਿੰਦੀ ਹੈ, ਉਸ ਦਾ ਮਨ ਪ੍ਰਭੂ ਦੇ ਸੋਹਣੇ ਚਰਨਾਂ ਵਿਚ ਵਿੱਝਾ ਰਹਿੰਦਾ ਹੈ

ਜਿਸ ਜੀਵ-ਇਸਤ੍ਰੀ ਨੇ ਗੋਬਿੰਦ ਗੋਪਾਲ ਦਾ ਆਸਰਾ ਲਿਆ ਹੈ, ਉਸ ਨੇ ਪ੍ਰਭੂ-ਪਤੀ ਦੀ ਸੇਵਾ ਦਾ ਲਾਭ ਖੱਟਿਆ ਹੈ, ਮਾਇਆ ਉਸ ਨੂੰ ਪੋਹ ਨਹੀਂ ਸਕਦੀ, ਗੁਰੂ ਨੂੰ ਮਿਲ ਕੇ ਉਸ ਨੇ ਪ੍ਰਭੂ ਦੀ ਸਿਫ਼ਤਿ-ਸਾਲਾਹ ਵਿਚ ਚੁੱਭੀ ਲਾਈ ਹੈ । ਜਿਸ ਪਰਮਾਤਮਾ ਤੋਂ ਉਸ ਨੇ ਜਨਮ ਲਿਆ ਹੈ, ਉਸੇ ਵਿਚ ਉਹ ਜੁੜੀ ਰਹਿੰਦੀ ਹੈ, ਉਸ ਦੀ ਲਿਵ ਪ੍ਰਭੂ ਦੀ ਪ੍ਰੀਤ ਵਿਚ

ਲੱਗੀ ਰਹਿੰਦੀ ਹੈ । ਪਾਰਬ੍ਰਹਮ ਨੇ (ਉਸ ਦਾ) ਹੱਥ ਫੜ ਕੇ (ਉਸ ਨੂੰ ਆਪਣੇ ਚਰਨਾਂ ਵਿਚ) ਜੋੜਿਆ ਹੁੰਦਾ ਹੈ, ਉਹ ਮੁੜ (ਉਸ ਦੇ ਚਰਨਾਂ ਤੋਂ) ਵਿੱਛੜਦੀ ਨਹੀਂ । (ਪਰ) ਉਹ ਸੱਜਣ ਪ੍ਰਭੂ ਬੜਾ ਅਪਹੁੰਚ ਹੈ, ਬੜਾ ਡੂੰਘਾ ਹੈ, ਮੈਂ ਉਸ ਤੋਂ ਲਖ ਵਾਰੀ ਕੁਰਬਾਨ ਹਾਂ । ਹੇ ਨਾਨਕ ! (ਉਹ ਬੜਾ ਦਿਆਲ ਹੈ) ਦਰ ਉੱਤੇ ਡਿੱਗਿਆਂ ਦੀ ਉਸ ਪ੍ਰਭੂ ਨੂੰ ਇੱਜ਼ਤ ਰੱਖਣੀ ਹੀ ਪੈਂਦੀ ਹੈ ।

ਜਿਸ ਉੱਤੇ ਉਹ ਬੇ-ਪਰਵਾਹ ਪ੍ਰਭੂ ਮਿਹਰ ਕਰਦਾ ਹੈ, ਉਸ ਨੂੰ ਪੋਹ ਦਾ ਮਹੀਨਾ ਸੁਹਾਵਣਾ ਲੱਗਦਾ ਹੈ ਉਸ ਨੂੰ ਸਾਰੇ ਹੀ ਸੁਖ ਮਿਲ ਜਾਂਦੇ ਹਨ ।੧੧॥

## ਸੰਖੇਪ ਜੀਵਨ

**੧. ਸਾਹਿਬਜ਼ਾਦਾ ਅਜੀਤ ਸਿੰਘ ਜੀ :**

| | | |
|---|---|---|
| ਜਨਮ | : | ਮਾਘ ਸੁਦੀ 4 (23 ਮਾਘ)<br>ਸੰਮਤ 1743 (7 ਜਨਵਰੀ 1687 ਈ.)<br>ਸ੍ਰੀ ਅਨੰਦਪੁਰ ਸਾਹਿਬ । |
| ਪਿਤਾ | : | ਗੁਰੂ ਗੋਬਿੰਦ ਸਿੰਘ ਜੀ |
| ਮਾਤਾ | : | ਮਾਤਾ ਸੁੰਦਰੀ ਜੀ । |
| ਸ਼ਹੀਦੀ | : | ੮ ਪੋਹ ਸੰਮਤ ੧੭੬੧ (੨੨ ਦਸੰਬਰ ੧੭੦੪ ਈ.) |
| ਸ਼ਹੀਦੀ ਸਥਾਨ | : | ਸ੍ਰੀ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ (ਪੰਜਾਬ) |

**੨. ਸਾਹਿਬਜ਼ਾਦਾ ਜੁਝਾਰ ਸਿੰਘ ਜੀ :**

| | | |
|---|---|---|
| ਜਨਮ | : | ਸੰਮਤ ੧੭੪੭ (੧੬੯੦ ਈ.) ਸ੍ਰੀ ਅਨੰਦਪੁਰ ਸਾਹਿਬ। |
| ਪਿਤਾ | : | ਗੁਰੂ ਗੋਬਿੰਦ ਸਿੰਘ ਜੀ |
| ਮਾਤਾ | : | ਮਾਤਾ ਜੀਤੋ ਜੀ । |
| ਸ਼ਹੀਦੀ | : | ੮ ਪੋਹ ਸੰਮਤ ੧੭੬੧ (੨੨ ਦਸੰਬਰ ੧੭੦੪ ਈ.) |
| ਸ਼ਹੀਦੀ ਸਥਾਨ | : | ਸ੍ਰੀ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ (ਪੰਜਾਬ) |

**੩. ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ :**

| | | |
|---|---|---|
| ਜਨਮ | : | ਸੰਮਤ ੧੭੫੩ (੧੬੯੬ ਈ.) ਸ੍ਰੀ ਅਨੰਦਪੁਰ ਸਾਹਿਬ । |
| ਪਿਤਾ | : | ਗੁਰੂ ਗੋਬਿੰਦ ਸਿੰਘ ਜੀ |
| ਮਾਤਾ | : | ਮਾਤਾ ਜੀਤੋ ਜੀ । |
| ਸ਼ਹੀਦੀ | : | ੧੩ ਪੋਹ ਸੰਮਤ ੧੭੬੧ (੨੭ ਦਸੰਬਰ ੧੭੦੪ ਈ.) |
| ਸ਼ਹੀਦੀ ਸਥਾਨ | : | ਸ੍ਰੀ ਫਤਿਹਗੜ੍ਹ ਸਾਹਿਬ ਸਰਹਿੰਦ (ਪੰਜਾਬ) |

**੪. ਸਾਹਿਬਜ਼ਾਦਾ ਫਤਿਹ ਸਿੰਘ ਜੀ :**

| | | |
|---|---|---|
| ਜਨਮ | : | ਸੰਮਤ ੧੭੫੬ (੧੬੯੯ ਈ.) ਸ੍ਰੀ ਅਨੰਦਪੁਰ ਸਾਹਿਬ । |
| ਪਿਤਾ | : | ਗੁਰੂ ਗੋਬਿੰਦ ਸਿੰਘ ਜੀ |
| ਮਾਤਾ | : | ਮਾਤਾ ਜੀਤੋ ਜੀ । |
| ਸ਼ਹੀਦੀ | : | ੧੩ ਪੋਹ ਸੰਮਤ ੧੭੬੧ (੨੭ ਦਸੰਬਰ ੧੭੦੪ ਈ.) |
| ਸ਼ਹੀਦੀ ਸਥਾਨ | : | ਸ੍ਰੀ ਫਤਿਹਗੜ੍ਹ ਸਾਹਿਬ ਸਰਹਿੰਦ (ਪੰਜਾਬ) |

# ਚਾਰ ਸਾਹਿਬਜ਼ਾਦੇ

**ਡਾ. ਜਸਵੰਤ ਸਿੰਘ ਨੇਕੀ**

ਸਿੱਖ ਪਰਿਭਾਸ਼ਾ ਵਿੱਚ ਸਾਹਿਬਜ਼ਾਦੇ ਗੁਰੂ-ਪੁਤਰਾਂ ਨੂੰ ਕਿਹਾ ਜਾਂਦਾ ਹੈ । ਸਤਿਗੁਰਾਂ ਦੀ ਵੰਸ਼ ਹੋਣ ਕਾਰਨ ਸਾਰੇ ਗੁਰੂ-ਪੁੱਤਰ ਸਾਡੇ ਸਤਿਕਾਰ ਦੇ ਹੱਕਦਾਰ ਹੋਏ ਚਾਹੀਦੇ ਹਨ । ਪਰ ਇਉਂ ਹੋਇਆ ਨਹੀਂ । ਜਿਨ੍ਹਾਂ 'ਪੁਤ੍ਰੀ  ਕਉਲੁ ਨ ਪਾਲਿਓ',  ਉਨ੍ਹਾਂ ਨੂੰ ਸਤਿਗੁਰਾਂ ਆਪ ਫਿਟਕਾਰ ਦਿੱਤਾ । ਸਤਿਕਾਰ ਜੋਗ ਕੇਵਲ ਉਹੀ ਹੋਏ ਜੋ ਸਿੱਖੀ ਦੀ ਕਸਵੱਟੀ ਤੇ ਪੂਰੇ ਉਤਰੇ ।

ਗੁਰੂ ਨਾਨਕ ਸਾਹਿਬ ਦੇ ਦੋ ਪੁੱਤਰ ਹੋਏ : ਬਾਬਾ ਸਿਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ । ਬਾਬਾ ਸਿਰੀ ਚੰਦ ਜੀ ਵਿਰੱਕਤ ਸਾਧੂ ਸਨ । ਉਨ੍ਹਾਂ 'ਉਦਾਸੀ' ਪੰਥ ਚਲਾਇਆ । ਪਰ ਉਦਾਸੀ ਦੀ ਰੀਤ 'ਗ੍ਰਹਸਤ ਮਾਹਿ ਉਦਾਸ' ਦੇ ਸਿੱਖ ਸਿਧਾਂਤ ਦੇ ਪ੍ਰਤੀਕੂਲ ਹੋਣ ਕਾਰਨ ਗੁਰੂ ਬਾਬੇ ਦੀ ਨਜ਼ਰ ਵਿੱਚ ਮਨਜ਼ੂਰ ਨਹੀਂ ਸੀ ਹੋ ਸਕਦੀ । ਬਾਬਾ ਲਖਮੀ ਦਾਸ ਜੀ ਸੰਸਾਰੀ ਰੁਚੀ ਵਾਲੇ ਸਨ । ਇਸ ਲਈ ਉਹ ਵੀ ਪਰਵਾਨ ਨਹੀਂ ਸਨ । ਪਰਵਾਨ ਕੌਣ ਹੋਇਆ ? ਲਹਿਣਾ, ਜਿਸ ਨੂੰ ਬਾਬੇ ਨੇ ਆਪਣੇ ਅੰਗ ਲਗਾ ਕੇ ਗੁਰੂ ਅੰਗਦ ਦੇਵ ਕਰ ਦਿੱਤਾ । ਪਰ ਸਿਰੀ ਚੰਦ ਜੀ ਗੁਰਗੱਦੀ ਨੂੰ ਆਪਣਾ ਹੱਕ ਸਮਝਦੇ ਸਨ । ਉਨ੍ਹਾਂ ਬਿਰਾਦਰੀ ਇਕੱਠੀ ਕੀਤੀ । ਸੰਸਾਰੀ ਦ੍ਰਿਸ਼ਟੀ ਵਾਲੀ ਇਸ ਬਿਰਾਦਰੀ ਨੇ ਜਦੋਂ ਗੁਰੂ-ਬਾਬੇ ਦੇ ਫੈਸਲੇ ਤੇ ਕਿੰਤੂ ਕੀਤਾ ਤਦ ਕਹਿੰਦੇ ਹਨ, ਸਤਿਗੁਰਾਂ ਇੱਕ ਪੈਸਾ ਚੁਕਿਆ ਤੇ ਆਪਣੀ ਮੁੱਠ ਵਿੱਚ ਬੰਦ ਕਰ ਲਿਆ । ਫਿਰ ਉਨ੍ਹਾਂ ਸਿਰੀ ਚੰਦ ਜੀ ਨੂੰ ਪੁੱਛਿਆ, "ਸਿਰੀ ਚੰਦਾ! ਦੱਸ, ਮੇਰੀ ਮੁੱਠੀ ਵਿੱਚ ਕੀ ਹੈ?" ਉਹ ਕਹਿਣ ਲੱਗੇ, "ਪਿਤਾ ਜੀ! ਤੁਹਾਡੀ ਮੁੱਠੀ ਵਿੱਚ ਇੱਕ ਪੈਸਾ ਹੈ ।" ਫਿਰ ਉਨ੍ਹਾਂ ਲਖਮੀ ਦਾਸ ਜੀ ਨੂੰ ਪੁੱਛਿਆ । ਉਹ ਕਹਿਣ ਲੱਗੇ, "ਇੱਕ ਪੈਸਾ ਹੀ ਤਾਂ ਹੈ, ਹੋਰ ਕੀ ਹੈ?" ਤਦ ਉਨ੍ਹਾਂ ਗੁਰੂ ਅੰਗਦ ਦੇਵ ਜੀ ਨੂੰ ਪੁੱਛਿਆ, "ਭਾਈ ਲਹਿਣਾ ਜੀ, "ਤੁਸੀਂ ਦੱਸੋ ਮੇਰੀ ਮੁੱਠੀ ਵਿੱਚ ਕੀ ਹੈ ?" ਗੁਰੂ ਅੰਗਦ ਦੇਵ ਜੀ ਬੋਲੇ, "ਹੇ ਮੇਰੇ ਗੋਬਿੰਦ ਰੂਪ, ਮੇਰੀ ਸਮਰੱਥਾ ਨਹੀਂ ਕਿ ਮੈਂ ਦੱਸ ਸਕਾਂ ਆਪ ਦੀ ਮੁੱਠੀ ਵਿੱਚ ਕੀ ਹੈ । ਤੁਹਾਡੀ ਮੁੱਠੀ ਵਿਚ ਨੌਂ ਨਿੱਧੀਆਂ, ਅਠਾਰਾਂ ਸਿੱਧੀਆਂ ਹਨ । ਤੁਹਾਡੀ ਮੁੱਠੀ ਵਿੱਚ ਗਿਆਨ ਹੈ, ਕਰਮ ਹੈ । ਤੁਹਾਡੀ ਮੁੱਠੀ ਵਿਚ ਸਾਰਾ ਸੰਸਾਰ ਹੈ ।" ਤਦ ਗੁਰੂ ਬਾਬੇ ਨੇ ਸਮੱਸਤ ਜੁੜੀ ਬਿਰਾਦਰੀ ਨੂੰ ਆਖਿਆ, "ਵੇਖਿਆ ਜੇ, ਮੇਰੇ ਪੁੱਤਰਾਂ ਨੂੰ ਇੱਕ ਪੈਸੇ ਤੋਂ ਅੱਗੇ ਕੁਝ ਨਹੀਂ ਦਿਸਿਆ । ਗੁਰਿਆਈ ਤਾਂ ਗੁਰੂ ਅੰਗਦ ਸਾਹਿਬ ਵਾਲੀ ਦ੍ਰਿਸ਼ਟੀ ਵਾਲੇ ਦਾ ਹੀ ਹੱਕ ਹੋ ਸਕਦੀ ਹੈ । ਸੋ, ਉਨ੍ਹਾਂ ਪ੍ਰਾਪਤ ਕਰ ਲਈ ।" ਸਾਹਿਬਜ਼ਾਦੇ  ਵਾਂਝੇ ਰਹਿ ਗਏ ।

ਗੁਰੂ ਅੰਗਦ ਸਾਹਿਬ ਦੇ ਦੋ ਸਾਹਿਬਜ਼ਾਦੇ ਸਨ: ਸ੍ਰੀ ਦਾਸੂ ਜੀ ਤੇ ਸ੍ਰੀ ਦਾਤੂ ਜੀ । ਉਹ ਵੀ ਸਿੱਖੀ ਦੀ ਕਸਵੱਟੀ ਤੇ ਪੂਰੇ ਨਾ ਉਤਰ ਸਕੇ । ਗੁਰੂ ਅਮਰਦਾਸ ਜੀ ਗੁਰੂ ਥਾਪ ਦਿੱਤੇ ਗਏ । ਤਦ ਦਾਤੂ ਜੀ ਨੇ ਭਰੇ ਦਰਬਾਰ ਵਿੱਚ ਆ ਕੇ ਬਿਰਧ ਗੁਰੂ ਅਮਰਦਾਸ ਜੀ ਨੂੰ ਲੱਤ ਕੱਢ ਮਾਰੀ । ਗੁਰੂ ਅਮਰਦਾਸ ਜੀ ਨੇ ਅੱਗੋਂ ਉਨ੍ਹਾਂ ਦੇ ਚਰਨ ਘੁੱਟਣੇ ਸ਼ੁਰੂ ਕਰ ਦਿੱਤੇ ਤੇ

ਕਿਹਾ, "ਮੈਨੂੰ ਖਿਮਾ ਕਰ ਦੇਣਾ, ਮੇਰੀਆਂ ਬੁੱਢੀਆਂ ਹੱਡੀਆਂ ਕਾਰਨ ਤੁਹਾਡੇ ਕੋਮਲ ਚਰਨਾਂ ਨੂੰ ਸੱਟ ਵੱਜੀ ਹੋਵੇਗੀ।"

ਗੁਰੂ ਅਮਰਦਾਸ ਜੀ ਦੇ ਵੀ ਦੋ ਸਾਹਿਬਜ਼ਾਦੇ ਸਨ : ਮੋਹਰੀ ਜੀ ਤੇ ਮੋਹਨ ਜੀ। ਇਹ ਵੀ ਨਜ਼ਰ-ਅੰਦਾਜ਼ ਹੋਏ ਤੇ ਗੁਰਗੱਦੀ ਜੇਠਾ ਜੀ (ਸ੍ਰੀ ਰਾਮਦਾਸ ਜੀ) ਨੂੰ ਮਿਲੀ। ਗੁਰਿਆਈ ਦੇਣ ਮਗਰੋਂ ਗੁਰੂ ਅਮਰਦਾਸ ਜੀ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਗੁਰੂ ਰਾਮਦਾਸ ਜੀ ਨੂੰ ਨਮਸਕਾਰ ਕਰਨ ਦਾ ਆਦੇਸ਼ ਦਿੱਤਾ। ਮੋਹਰੀ ਜੀ ਤਾਂ ਪੈਰੀਂ ਪੈ ਗਏ, ਪਰ ਮੋਹਨ ਜੀ ਨੇ ਰੋਸ ਪ੍ਰਗਟ ਕਰਦਿਆਂ ਆਖਿਆ, "ਗੁਰੂ ਗੱਦੀ ਰਾਮਦਾਸ ਦਾ ਹੱਕ ਨਹੀਂ, ਉਹ ਜਵਾਈ ਹੈ। ਮੈਂ ਤੁਹਾਡਾ ਬੇਟਾ ਹਾਂ, ਹੱਕ ਮੇਰਾ ਹੈ।" ਗੁਰੂ ਅਮਰਦਾਸ ਜੀ ਨੇ ਉੱਤਰ ਦਿੱਤਾ, "ਇਸ ਗੱਦੀ ਤੇ ਕਿਸੇ ਦਾ ਦਾਅਵਾ ਨਹੀਂ। ਇਹ ਸਚਖੰਡ ਦੀ ਹੁੰਡੀ ਹੈ। ਇਸ ਉੱਤੇ ਜਿਸ ਦਾ ਹੱਕ ਸੀ ਉਸ ਨੇ ਇਸ ਨੂੰ ਪਾ ਲਿਆ ਹੈ।"

ਗੁਰੂ ਰਾਮਦਾਸ ਜੀ ਦੇ ਤਿੰਨ ਸਾਹਿਬਜ਼ਾਦੇ ਹੋਏ : ਪ੍ਰਿਥੀ ਚੰਦ ਜੀ, ਮਹਾਂਦੇਵ ਜੀ ਤੇ ਅਰਜਨ ਦੇਵ ਜੀ। ਪ੍ਰਿਥੀ ਚੰਦ ਜੀ ਦੁਨੀਆਦਾਰ ਸਨ, ਮਹਾਂਦੇਵ ਜੀ ਵਿਰੱਕਤ ਤੇ ਅਰਜਨ ਦੇਵ ਜੀ ਆਗਿਆਕਾਰ। ਸਿਹਾਰੀ ਮਲ ਜੀ ਦੇ ਬੇਟੇ ਦੀ ਸ਼ਾਦੀ ਵਿਚ ਸ਼ਾਮਲ ਹੋਣ ਲਈ ਗੁਰੂ ਰਾਮਦਾਸ ਜੀ ਨੇ ਆਪਣੀ ਥਾਂ ਕਿਸੇ ਬੇਟੇ ਨੂੰ ਘੱਲਣ ਦਾ ਸੰਕਲਪ ਬਣਾਇਆ ਤਾਂ ਪ੍ਰਿਥੀ ਚੰਦ ਕਹਿਣ ਲੱਗੇ, "ਪਿਤਾ ਜੀ ! ਤੁਹਾਨੂੰ ਪਤਾ ਹੈ ਸਾਰਾ ਹਿਸਾਬ-ਕਿਤਾਬ ਤੇ ਲੰਗਰ ਦਾ ਇੰਤਜ਼ਾਮ ਆਦਿ ਮੈਂ ਸੰਭਾਲਿਆ ਹੋਇਆ ਹੈ। ਮੈਂ ਚਲਾ ਗਿਆ ਤਾਂ ਤੁਹਾਨੂੰ ਮੁਸ਼ਕਲ ਹੋਵੇਗੀ। ਚੰਗਾ ਹੋਵੇ ਜੇ ਤੁਸੀਂ ਹੋਰ ਕਿਸੇ ਨੂੰ ਘੱਲ ਦਿਓ॥" ਜਦੋਂ ਮਹਾਂਦੇਵ ਜੀ ਨੂੰ ਪੁੱਛਿਆ ਤਾਂ ਉਹ ਬੋਲੇ, "ਮੇਰਾ ਕਿਸੇ ਨਾਲ ਕੋਈ ਰਿਸ਼ਤਾ ਨਹੀਂ ਰਹਿ ਗਿਆ। ਮੈਂ ਕਿਸੇ ਸ਼ਾਦੀ ਤੇ ਨਹੀਂ ਜਾਣਾ।" ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੁੱਛਿਆ ਤਾਂ ਉਹ 'ਸਤਿ ਬਚਨ' ਆਖ ਕੇ ਤੁਰੰਤ ਤਿਆਰ ਹੋ ਗਏ। ਬਚਨ-ਪਾਲਕ ਆਰਜਨ ਦੇਵ ਜੀ ਗੁਰ-ਗੱਦੀ ਦੇ ਮਾਲਕ ਹੋ ਗਏ। ਪਰ, ਅਭਿਮਾਨ-ਮੁੱਠੇ ਪ੍ਰਿਥੀ ਚੰਦ ਜੀ ਸਾੜੇ ਦੀ ਅੱਗ ਵਿੱਚ ਜਲਣ ਲੱਗੇ। ਉਹਨਾਂ ਕਈ ਢੰਗਾਂ ਨਾਲ ਗੁਰੂ ਅਰਜਨ ਦੇਵ ਜੀ ਨੂੰ ਦੁੱਖ ਪੁਚਾਉਣ ਦੇ ਜਤਨ ਕੀਤੇ, ਪਰ ਸ਼ਾਂਤੀ ਦੇ ਪੁੱਜ ਗੁਰੂ ਜੀ ਨੇ ਕਦੇ ਮੱਥੇ ਤੇ ਵੱਟ ਨਾ ਪਾਇਆ।

ਗੁਰੂ ਅਰਜਨ ਦੇਵ ਜੀ ਦੇ ਇਕੋ ਹੀ ਸਾਹਿਬਜ਼ਾਦੇ ਸ੍ਰੀ ਰਹਿ ਗੋਬਿੰਦ ਜੀ ਹੋਏ ਤੇ ਉਹ ਗੁਰਗੱਦੀ ਦੇ ਮਾਲਕ ਥਾਪੇ ਗਏ। ਉਨ੍ਹਾਂ ਦੇ ਅੱਗੋਂ ਪੰਜ ਸਾਹਿਬਜ਼ਾਦੇ ਹੋਏ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਏ ਜੀ, ਬਾਬਾ ਤਿਆਗ ਮੱਲ ਜੀ ਤੇ ਬਾਬਾ ਅਟੱਲ ਰਾਇ ਜੀ। ਬਾਬਾ ਗੁਰਦਿੱਤਾ ਜੀ ਉਦਾਸੀ ਹੋ ਗਏ। ਬਾਬਾ ਸੂਰਜ ਮੱਲ ਤੇ ਅਣੀ ਰਾਏ ਜੀ ਦੁਨਿਆਵੀ ਰੁਚੀਆਂ ਵਾਲੇ ਨਿਕਲੇ। ਬਾਬਾ ਅਟੱਲ ਰਾਏ ਜੀ ਛੋਟੀ ਉਮਰ ਵਿੱਚ ਹੀ ਆਪਣੇ ਮੋਏ ਹੋਏ ਆੜੀ ਨੂੰ ਮੁੜ ਜਿਵਾਲਣ ਦੀ ਕਰਾਮਾਤ ਕਰਨ ਕਰਕੇ ਪਿਤਾ-ਗੁਰੂ ਦੇ ਰੋਸ ਦਾ ਕਾਰਨ ਬਣੇ ਤੇ ਪ੍ਰਾਣ ਤਿਆਗ ਗਏ। ਬਾਬਾ ਤਿਆਗ ਮੱਲ ਜੀ, ਜਿਨ੍ਹਾਂ ਨੂੰ ਜੰਗ ਵਿੱਚ ਜੌਹਰ ਦਿਖਾਣ ਪੁਰ ਗੁਰੂ ਹਰਿਗੋਬਿਬੰਦ ਜੀ ਨੇ ਪ੍ਰਸੰਨ ਹੋ ਕੇ 'ਤੇਗ

ਬਹਾਦਰ' ਦਾ ਖ਼ਿਤਾਬ ਦਿੱਤਾ, ਬਾਅਦ ਵਿੱਚ ਨੌਵੇਂ ਗੁਰੂ ਹੋਏ, ਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਬਾਅਦ ਗੁਰਗੱਦੀ ਉਨ੍ਹਾਂ ਦੇ ਪੋਤੇ (ਬਾਬਾ ਗੁਰਦਿੱਤਾ ਜੀ ਦੇ ਸਪੁੱਤਰ) ਸ੍ਰੀ ਹਰਿ ਰਾਏ ਜੀ ਨੂੰ ਮਿਲੀ।

ਗੁਰੂ ਹਰਿ ਰਾਇ ਜੀ ਦੇ ਦੋ ਸਾਹਿਬਜ਼ਾਦੇ ਹੋਏ: ਬਾਬਾ ਰਾਮ ਰਾਇ ਜੀ ਤੇ ਸ੍ਰੀ ਹਰਿਕ੍ਰਿਸ਼ਨ ਜੀ। ਬਾਬਾ ਰਾਮ ਰਾਇ ਜੀ ਕਰਣੀ ਵਾਲੇ ਸਨ, ਬਾਦਸ਼ਾਹ ਔਰੰਗਜ਼ੇਬ ਦੀ ਖ਼ੁਸ਼ਨੂਦੀ ਹਾਸਲ ਕਰਨ ਹਿਤ ਗੁਰੂ ਗ੍ਰੰਥ ਸਾਹਿਬ ਦੀ ਤੁਕ ਬਦਲ ਬੈਠੇ, ਜਿਸ ਪੁਰ ਗੁਰੂ ਹਰਿ ਰਾਏ ਜੀ ਨੇ ਉਨ੍ਹਾਂ ਨੂੰ ਕਦੇ ਮੂੰਹ ਨਾ ਲਾਉਣ ਦਾ ਫੈਸਲਾ ਕਰ ਲਿਆ। ਗੁਰਗੱਦੀ, ਧੀਰਮਲ ਦੀ ਈਰਖਾ ਦੇ ਬਾਵਜੂਦ ਪੰਜ ਸਾਲ ਦੇ ਬਾਲਕ ਗੁਰੂ ਹਰਿਕ੍ਰਿਸ਼ਨ ਜੀ ਨੂੰ ਪ੍ਰਾਪਤ ਹੋਈ, ਜਿਨ੍ਹਾਂ ਆਪਣਾ ਜਾਂ-ਨਸ਼ੀਨ 'ਬਾਬੇ ਬਕਾਲੇ' ਦੇ ਸੰਕੇਤ ਨਾਲ ਗੁਰੂ ਤੇਗ ਬਹਾਦਰ ਜੀ ਨੂੰ ਸਥਾਪਤ ਕੀਤਾ।

ਗੁਰੂ ਤੇਗ ਬਹਾਦਰ ਜੀ ਦੇ ਇਕੋ ਇੱਕ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਹੋਏ, ਜੋ ਪੰਥ ਦੇ ਵਾਲੀ, ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ। ਅੱਗੋਂ ਉਨ੍ਹਾਂ ਦੇ ਚਾਰ ਸਾਹਿਬਜ਼ਾਦੇ ਹੋਏ : ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫ਼ਤਹ ਸਿੰਘ ਜੀ। ਇਹ ਚਾਰੇ ਸਾਹਿਬਜ਼ਾਦੇ ਬੜੀ ਅਦੁੱਤੀ ਪ੍ਰਤਿਭਾ ਦੇ ਮਾਲਕ ਸਨ। ਉਹਨਾਂ ਪੰਥਕ ਆਨ ਤੇ ਸ਼ਾਨ ਹਿਤ ਬੇਮਿਸਾਲ ਸ਼ਹਾਦਤਾਂ ਦਿੱਤੀਆਂ। ਇਨ੍ਹਾਂ ਨੂੰ ਸਾਰਾ ਪੰਥ ਨਿੱਤ ਅਰਦਾਸ ਵਿੱਚ ਸ਼ਰਧਾ ਤੇ ਵੈਰਾਗ ਭਰੇ ਮਨ ਨਾਲ ਚੇਤੇ ਕਰਦਾ ਹੈ।

ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਮਗਰੋਂ, ਸਰਸਾ ਨਦੀ ਪਾਰ ਕਰਦਿਆਂ ਵੱਡੇ ਦੋ ਸਾਹਿਬਜ਼ਾਦੇ ਤਾਂ ਗੁਰੂ ਗੋਬਿੰਦ ਸਿੰਘ ਜੀ ਨਾਲ ਰਹੇ ਤੇ ਚਮਕੌਰ ਦੀ ਗੜ੍ਹੀ ਵਿੱਚ ਪਹੁੰਚ ਗਏ। ਛੋਟੇ ਦੋ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਸਣੇ ਗੁਰੂ ਸਾਹਿਬ ਨਾਲੋਂ ਵਿਛੜ ਗਏ ਤੇ ਗੰਗੂ ਰਸੋਈਏ ਦੇ ਦ੍ਰੋਹ ਕਾਰਨ ਮੁਗ਼ਲ ਹਾਕਮਾਂ ਦੇ ਹੱਥ ਆ ਗਏ ਤੇ ਸਰਹਿੰਦ ਦੇ ਬੁਰਜ ਵਿੱਚ ਕੈਦ ਕਰ ਦਿੱਤੇ ਗਏ। ਸਾਹਿਬਜ਼ਾਦਿਆਂ ਦੀਆਂ ਦੋਨਾਂ ਜੋੜੀਆਂ ਦੇ ਸ਼ਹੀਦੀ-ਬਿਰਤਾਂਤ ਬੜੇ ਰੋਮਾਂਚਕ ਹਨ।

ਚਮਕੌਰ ਦੀ ਗੜ੍ਹੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਨਾਲ ਦੇ ਚਾਲੀ ਸਿੰਘਾਂ ਨੂੰ ਦਸ ਲੱਖ ਫ਼ੌਜ ਨੇ ਘੇਰ ਲਿਆ ਸੀ। ਸਿੱਖਾਂ ਨੇ ਗੁਰੂ ਜੀ ਨੂੰ ਕਿਹਾ, "ਅਸੀਂ ਸਾਰੇ ਸ਼ਹੀਦੀ ਪਾ ਜਾਵਾਂਗੇ, ਤੁਸੀ ਸਾਹਿਬਜ਼ਾਦਿਆਂ ਨੂੰ ਲੈ ਕੇ ਨਿਕਲ ਜਾਓ।" ਗੁਰੂ ਜੀ ਨੇ ਅੱਗੋਂ ਕਿਹਾ, "ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ ? ਤੁਸੀਂ ਸਾਰੇ ਮੇਰੇ ਸਾਹਿਬਜ਼ਾਦੇ ਹੋ !" ਤਦ, ਕਹਿੰਦੇ ਹਨ, ਸਾਹਿਬਜ਼ਾਦਾ ਅਜੀਤ ਸਿੰਘ ਜੀ ਉੱਠੇ ਤੇ ਗੁਰੂ ਜੀ ਪਾਸੋਂ ਗੜ੍ਹੀ ਤੋਂ ਬਾਹਰ ਜਾ ਕੇ ਦੁਸ਼ਮਣ ਨਾਲ ਜੂਝਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪ੍ਰਸੰਨ ਹੋ ਕੇ ਤੇ ਪੰਜ ਸਿੰਘ ਨਾਲ ਦੇ ਕੇ ਵਿਦਾ ਕੀਤਾ। ਬਾਬਾ ਅਜੀਤ ਸਿੰਘ ਜੀ ਮੈਦਾਨੇ-ਜੰਗ ਵਿੱਚ ਕੁੱਦ ਪਏ ਤੇ ਗੁਰੂ ਗੋਬਿੰਦ ਸਿੰਘ ਜੀ ਉੱਚੇ ਬੈਠ ਕੇ ਉਨ੍ਹਾਂ ਦੀ ਸੂਰਮਗਤੀ ਦੇ

ਜੌਹਰ ਵੇਖ-ਵੇਖ ਪ੍ਰਸੰਨ ਹੋਣ ਲੱਗੇ । ਬਾਬਾ ਅਜੀਤ ਸਿੰਘ ਜੀ ਨੇ ਮੁਗ਼ਲ ਫ਼ੌਜਾਂ ਦੇ ਬੜੇ ਆਹੂ ਲਾਹੇ । ਦੁਸ਼ਮਣ ਅਰੇ ਖ਼ੁਦਾਇ ! ਅਰੇ ਖ਼ੁਦਾਇ ।" ਕੂਕਦੇ ਸਨ । ਅੰਤ, ਗੁਰੂ ਗੋਬਿੰਦ ਸਿੰਘ ਜੀ ਨੇ ਫ਼ਤਹ ਦਾ ਜੈਕਾਰਾ ਗਜਾਇਆ ਤੇ ਕਿਹਾ, "ਹੇ ਅਕਾਲ ਪੁਰਖ, ਤੇਰੀ ਅਮਾਨਤ ਅਦਾ ਹੋਈ ਹੈ ।"

ਵਕਤ ਦੀ ਨਜ਼ਾਕਤ ਸਮਝ ਕੇ, ਤਦ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਪਿਤਾ ਜੀ ਦੀ ਆਗਿਆ ਲੈ ਕੇ ਆਪਣੇ ਵੱਡੇ ਵੀਰ ਦੀ ਤਰ੍ਹਾਂ ਰਣ-ਤੱਤੇ ਦੀ ਬਲਦੀ ਅੱਗ ਵਿੱਚ ਜਾ ਕੁੱਦੇ । ਜਿਤਨਾ ਚਿਰ ਦਿਨ ਰਿਹਾ ਉਹ ਜਾਨ ਤੋੜ ਕੇ ਲੜੇ ਤੇ ਵੈਰੀ ਦਲ ਨੂੰ ਆਪਣੀ ਸੂਰਮਗਤੀ ਵੱਲੋਂ ਕਾਇਲ ਕਰਦੇ ਰਹੇ । ਜਦ ਸੂਰਜ ਡੁੱਬ ਰਿਹਾ ਸੀ, ਬਾਬਾ ਜੁਝਾਰ ਸਿੰਘ ਜੀ ਵੀ ਸ਼ਹੀਦੀ ਪ੍ਰਾਪਤ ਕਰ ਗਏ ।

ਦੋਵੇਂ ਵੱਡੇ ਸਾਹਿਬਜ਼ਾਦੇ, ਇਸ ਤਰ੍ਹਾਂ ਚਮਕੌਰ ਦੀ ਜੰਗ ਵਿੱਚ ਜੂਝ ਕੇ, ਵੀਰ-ਗਤੀ ਨੂੰ ਪ੍ਰਾਪਤ ਹੋਏ । ਇੰਜ ਲਗਦਾ ਹੈ, ਜਿਵੇਂ ਉਨ੍ਹਾਂ ਦੀ ਇਹ ਅਰਦਾਸ ਪੂਰੀ ਹੋਈ ਹੋਵੇ:

ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ ॥੨੩੧॥

ਓਧਰ ਮਾਤਾ ਗੁਜਰੀ ਜੀ ਸਣੇ, ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਨੇ ਸਰਹੰਦ ਦੇ ਬੁਰਜ ਵਿੱਚ ਕੈਦ ਕਰ ਦਿੱਤਾ ਸੀ । ਸਾਹਿਬਜ਼ਾਦਿਆਂ ਨੂੰ ਅਗਲੇ ਦਿਨ ਕਚਹਿਰੀ ਵਿੱਚ ਬੁਲਾਇਆ ਗਿਆ । ਮਾਤਾ ਜੀ ਨੇ ਇਉਂ ਹਦਾਇਤ ਕਰ ਕੇ ਤੋਰਿਆ, "ਮੇਰੇ ਜਿਗਰ ਦੇ ਟੋਟਿਓ! ਯਾਦ ਰਖਿਓ, ਤੁਸੀਂ ਗੁਰੂ ਗੋਬਿੰਦ ਸਿੰਘ ਦੇ ਫਰਜ਼ੰਦ, ਗੁਰੂ ਤੇਗ ਬਹਾਦਰ ਪਾਤਸ਼ਾਹ ਦੇ ਪੋਤੇ ਤੇ ਗੁਰੂ ਨਾਨਕ ਦੇਵ ਸਾਹਿਬ ਦੇ ਸਿੱਖ ਹੋ । ਆਪਣੇ ਧਰਮ ਨੂੰ ਆਂਚ ਨ ਆਉਣ ਦੇਣੀ ।" ਕਚਹਿਰੀ ਵਿੱਚ ਉਨ੍ਹਾਂ ਬੱਚਿਆਂ ਨੂੰ ਕਿਹਾ ਗਿਆ, "ਤੁਹਾਡੀ ਉਮਰ ਛੋਟੀ ਹੈ, ਤੁਹਾਨੂੰ ਛੋੜ ਦੇਣ ਬਾਰੇ ਵਿਚਾਰ ਕਰ ਰਹੇ ਹਾਂ । ਜੇਕਰ ਤੁਹਾਨੂੰ ਛੋੜ ਦੇਈਏ ਤਾਂ ਕੀ ਕਰੋਗੇ ?" ਬਾਬਾ ਜ਼ੋਰਾਵਰ ਸਿੰਘ ਜੀ ਬੋਲੇ :

"ਵਿਚ ਜੰਗਲਾਂ ਜਾਵਾਂਗੇ, ਸਿੱਖਾਂ ਜੋੜ ਲਿਆਵਾਂਗੇ,
ਸ਼ਸਤ੍ਰ ਇਕੱਠੇ ਕਰਾਂਗੇ, ਘੋੜਿਆਂ ਉੱਪਰ ਚੜ੍ਹਾਂਗੇ, ਨਾਲ ਤੁਹਾਡੇ ਲੜਾਂਗੇ ।"

ਦਰਬਾਰੀਆਂ ਆਖਿਆ, "ਇਹ ਸਪੋਲੀਏ ਨੇ । ਇਨ੍ਹਾਂ ਨੂੰ ਛੱਡਣਾ ਰਾਜਨੀਤੀ ਨਹੀਂ ।" ਫਿਰ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਕੇ ਇਸਲਾਮ ਕਬੂਲਣ ਲਈ ਪ੍ਰੇਰਿਆ ਗਿਆ, ਪਰ ਉਹ ਕਿਸੇ ਲਾਲਚ ਵਿਚ ਵੀ ਨਾ ਆਏ । ਅਖੀਰ ਕੋਈ ਵਾਹ ਵੀ ਨਾ ਲਗਦੀ ਵੇਖ ਕੇ ਉਨ੍ਹਾਂ ਨੂੰ ਕੰਧ ਵਿਚ ਜ਼ਿੰਦਾ ਚਿਣਾ ਦੇਣ ਦਾ ਹੁਕਮ ਸਾਦਰ ਕਰ ਦਿੱਤਾ ਗਿਆ । ਇਉਂ ਦੋਵੇਂ ਮਾਸੂਮ ਜਿੰਦਾ ਸ਼ਹੀਦੀ ਪ੍ਰਾਪਤ ਕਰ ਗਈਆਂ, ਪਰ ਉਨ੍ਹਾਂ ਧਰਮ ਨਾ ਹਾਰਿਆ।

ਮਹਾਂਭਾਰਤ ਵਿਚ ਬਿਆਸ ਜੀ ਕਹਿੰਦੇ ਹਨ : "ਕਾਮਨਾ ਤੋਂ, ਲੋਭ ਤੋਂ, ਜਾਂ ਪ੍ਰਾਣ ਬਚਾਉਣ ਦੀ ਲਾਲਸਾ ਤੋਂ ਧਰਮ ਦਾ ਤਿਆਗ ਕਦੇ ਨਾ ਕਰਨਾ । ਧਰਮ ਨਿੱਤ ਹੈ, ਸੁੱਖ ਦੁੱਖ ਤਾਂ ਸਭ ਅਨਿੱਤ ਹਨ ।"

ਡਾ. ਬਲਬੀਰ ਸਿੰਘ ਜੀ ਮਹਾਂਭਾਰਡ ਦੇ ਉਪਰੋਕਤ ਹਵਾਲੇ ਨਾਲ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਕਹਿੰਦੇ ਹਨ:

"ਇਉਂ ਲਗਦਾ ਹੈ ਬਯਾਸ ਜੀ, ਖੁਦ ਅੱਜ ਸਰਹਿੰਦ ਵੱਲ ਤੱਕ ਰਹੇ ਹਨ ਤੇ ਕਹਿ ਰਹੇ ਹਨ : "ਹੇ ਪ੍ਰਮਾਤਮਾ ਦੇਵ, ਕੀ ਇਹ ਸੰਭਵ ਹੈ, ਐਸ ਬਾਲ ਅਵਸਥਾ ਵਿਚ ਐਸ ਅਧੋਗਤੀ ਦੇ ਸਮੇਂ ਵਿਚ ਇਹ ਦੋ ਸੁਕੁਮਾਰ ਦ੍ਰਿੜ੍ਹ ਰਹਿ ਸਕਣ । ਹੇ ਦੇਵ ! ਮਹਾਂਭਾਰਤ ਦਾ ਆਸ਼ਾ ਪੂਰਨ ਹੋਣ ਲੱਗਾ ਹੈ । ਹੇ ਦੇਵ! ਇਹ ਮੇਰੇ ਮੰਤਵ ਤੋਂ ਵੀ ਗੱਲ ਵੱਧ ਗਈ ਹੈ । ਮੇਰੇ ਖਿਆਲ ਵਿਚੋਂ ਕਦੇ ਮਾਸੂਮ ਬੱਚੇ ਨਹੀਂ ਸਨ ਲੰਘੇ । ਹੇ ਦੇਵ ! ਹੁਣ ਬਸ ਕਰੋ, ਹੋਰ ਦੇਖਿਆ ਨਹੀਂ ਜਾਂਦਾ, ਤ੍ਰਾਹ ਤ੍ਰਾਹ !"

ਧੁਰ ਉੱਪਰ, ਦੂਰ ਉਚੇ ਖੰਡ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਗਦ-ਗਦ ਹੋ ਰਹੇ ਸਨ, ਮਾਨੋ ਉਹ ਕਹਿ ਰਹੇ ਹਨ: "ਸ਼ਾਬਾਸ਼ ਬੱਚਿਓ! ਸ਼ਾਬਾਸ਼ ਬੱਚਿਓ !! ਤੁਸੀ ਜਦੋਂ ਅਜੇ ਸੰਸਾਰ ਵਿਚ ਨਹੀਂ ਸੀ ਉਪਜੇ ਮੈਂ ਉਸ ਵੇਲੇ ਤੁਹਾਡੀ ਹੀ ਆਤਮਾ ਨੂੰ ਜੋ ਅਨੰਤ ਦੀ ਗੋਦ ਵਿਚ ਬੈਠੀ ਸੀ, ਨਿਰਭੈਤਾ ਦੀ ਪ੍ਰਾਣ ਕਲਾ ਨਾਲ ਸਫੁਰਤ ਕਰ ਰਿਹਾ ਸਾਂ- ਆਓ ਲਾਲੋ! ਆਓ ਆਪਣੇ ਦਾਦੇ ਦੀ ਗੋਦ ਵਿੱਚ ਆਓ! ਤੁਸੀਂ ਆਪਣੀ ਵਯਕਤੀ ਆਪਣੇ ਨਾਂ ਵਿੱਚ ਛੱਡ ਆਏ ਹੋ । ਆਓ ! ਤੁਹਾਡਾ ਨਾਂ ਕੌਮ ਦੇ ਖ਼ੂਨ ਦੀ ਤੜਪ ਵਿਚ ਹਮੇਸ਼ਾਂ ਜ਼ਿੰਦਾ ਰਹੇਗਾ । ਆਓ, ਦਾਦੇ ਦੀ ਗੋਦ ਵਿਚ ਅਵਯਕਤ ਬਿਸ੍ਰਾਮ ਲਏ ।"

ਐਸਾ ਸੁਭਾਗ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦਾ ਹੈ ਜੋ ਨਿਰਭਉ ਦੀ ਸਦਾ ਥਿਰ ਪਉੜੀ ਉੱਤੇ ਤਾੜੀ ਲਾ ਕੇ ਖੜੋਤੇ ਹੋਣ । ਐਸੀ ਹੀ ਥਿਰਤਾ ਦੇ ਮਾਲਕ ਸਨ ਇਹ ਸਾਹਿਬਜ਼ਾਦੇ, ਜਿਨ੍ਹਾਂ ਬਾਲ ਵਰੇਸ ਵਿਚ ਵੀ ਉਹ ਕੁਝ ਕਰ ਵਿਖਾਇਆ ਜੋ ਵੱਡੇ-ਵੱਡੇ ਜਿਗਰਿਆਂ ਵਾਲੇ ਵੀ ਨਹੀਂ ਸੀ ਕਰ ਸਕਦੇ । ਇਉਂ ਉਹ ਚਾਰੇ ਮਾਸੂਮ ਜ਼ਿੰਦਾ ਸ਼ਹੀਦੀ ਪ੍ਰਾਪਤ ਕਰ ਗਈਆਂ, ਪਰ ਉਨ੍ਹਾਂ ਸਿੱਖੀ ਸਿਦਕ ਨਾ ਹਾਰਿਆ ।

ਚੌਹਾਂ ਸਾਹਿਬਜ਼ਾਦਿਆਂ ਦਾ ਅਦੁੱਤੀ ਸਿਰੜ, ਬੇ-ਖ਼ੌਫ ਸੂਰਮਗਤੀ ਤੇ ਬੇ-ਮਿਸਾਲ ਸ਼ਹਾਦਤ ਸਾਰੇ ਪੰਥ ਲਈ ਸਦੀਵੀ ਪ੍ਰੇਰਨਾ ਹੈ ।

ਇਨ੍ਹਾਂ ਸਾਹਿਬਜ਼ਾਦਿਆਂ ਦੇ ਕਿਰਦਾਰ ਤੋਂ ਇਕ ਗੱਲ ਇਹ ਸਪੱਸ਼ਟ ਹੁੰਦੀ ਹੈ ਕਿ ਆਤਮਕ ਬਲ ਦਾ ਉਮਰ ਨਾਲ ਕੋਈ ਸੰਬੰਧ ਨਹੀਂ । ਇਹ ਚਾਰੇ ਕੱਚੀ ਉਮਰ ਵਿਚ ਵੀ ਸੱਚ-ਮੁੱਚ ਬਾਬੇ ਸਨ, ਵੱਡੀ ਆਤਮਕ ਅਵਸਥਾ ਦੇ ਸੁਆਮੀ, ਨਿਰਭੈ ਪਦ ਨੂੰ ਪ੍ਰਾਪਤ! ਏਹੋ ਰਹੱਸ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪੰਜ ਸਾਲ ਦੀ ਉਮਰ ਵਿਚ ਗੱਦੀ ਨਸ਼ੀਨ ਹੋਣ, ਗੁਰੂ ਗੋਬਿੰਦ ਸਿੰਘ ਜੀ ਦੇ ਨੌ ਸਾਲ ਦੀ ਉਮਰ ਵਿਚ ਗੁਰਤਾ ਸੰਭਾਲਣ ਦੇ ਵੇਲੇ ਵੀ ਵਰਤਦਾ ਹੈ । ਦੂਜੀ ਗੱਲ ਇਹ ਸਪੱਸ਼ਟ ਹੁੰਦੀ ਹੈ ਕਿ ਗੁਣ ਸਦਾ ਵਿਰਾਸਤ ਵਿਚ ਨਹੀਂ ਮਿਲਦੇ । ਗੁਰੂ ਘਰ ਵਿਚ ਪੈਦਾ ਹੋ ਕੇ ਵੀ ਕਈ ਸਾਹਿਬਜ਼ਾਦੇ ਗੁਣਾਂ ਤੋਂ ਵਾਂਝੇ ਰਹਿ ਗਏ । ਉਹਨਾਂ ਨੂੰ ਪੰਥ ਉੱਕਾ ਚੇਤੇ ਨਹੀਂ ਕਰਦਾ । ਪੰਥ ਜਾਂ ਤਾਂ ਉਹਨਾਂ ਸਾਹਿਬਜ਼ਾਦਿਆਂ ਨੂੰ ਸਿਮਰਦਾ ਹੈ ਜੋ ਗੁਰੂ-ਪਦਵੀ ਨੂੰ ਪ੍ਰਾਪਤ ਕਰ ਗਏ, ਜਾਂ ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ

ਨੂੰ, ਜਿਨ੍ਹਾਂ ਸ਼ਹਾਦਤ ਦੀ ਪਰੰਪਰਾ ਨੂੰ ਚਾਰ ਚੰਨ ਲਾਏ। ਜਿਹੜੇ ਸਾਹਿਬਜ਼ਾਦੇ ਗੁਰੂ-ਘਰ ਨਾਲ ਈਰਖਾ ਤੇ ਵੈਰ-ਭਾਵਨਾ ਕਰਦੇ ਰਹੇ ਤੇ ਆਪ ਗੱਦੀਆਂ ਲਾ ਕੇ ਬੈਠ ਗਏ, ਉਹਨਾਂ ਨਾਲ ਤੇ ਗੁਰੂ-ਘਰੋਂ ਬੇਮੁਖ ਹੋਏ ਉਨ੍ਹਾਂ ਦੇ ਪਿਛਲੱਗਾਂ ਨਾਲ, ਵਰਤਣ ਤੇ ਸਾਂਝ ਪਾਲਣ ਵੀ ਸਿੱਖਾਂ ਨੂੰ ਵਰਜਨਾ ਹੋ ਗਈ। ਕੇਵਲ ਗੁਰੂ ਗੋਬਿੰਦ ਸਿੰਘ ਜੀ ਦੇ ਚੌਹਾਂ ਸਾਹਿਬਜ਼ਾਦਿਆਂ ਦੀ ਪਾਵਨ ਯਾਦ ਨੂੰ ਹੀ ਪੰਥ ਨਿੱਤ ਅਰਦਾਸ ਵਿਚ ਤਾਜ਼ਾ ਕਰਦਾ ਹੈ, ਜਿਨ੍ਹਾਂ ਸਿਦਕ ਦਾ ਉੱਚਤਮ ਆਦਰਸ਼ ਨਿਭਾਉਂਦਿਆਂ ਆਪਣੀਆਂ ਜਾਨਾਂ ਲਾ ਦਿੱਤੀਆਂ। ਅਰਦਾਸ ਵਿਚ ਉਨ੍ਹਾਂ ਦੀ ਯਾਦ ਉਨ੍ਹਾਂ ਦੇ ਸਿਦਕ-ਸਿਰਤ ਨੂੰ ਅਵਿਰਲ ਸ਼ਰਧਾਂਜਲੀ ਅਰਪਨ ਕਰਨ ਦਾ ਉਪਰਾਲਾ ਹੈ।

## ਗੁਰੂ ਗੋਬਿੰਦ ਸਿੰਘ : ਚੜ੍ਹਦੀ ਕਲਾ ਦੇ ਪੁੰਜ

ਡਾ. ਸ਼ਮਸ਼ੇਰ ਸਿੰਘ

ਭਾਰਤੀ ਸੰਸਕ੍ਰਿਤੀ ਦੇ ਕੇਂਦਰ ਪੁਰਾਤਨ ਸ਼ਹਿਰ ਪਟਨਾ ਸ਼ਹਿਰ ਵਿਖੇ ਸਾਲਸ ਰਾਏ ਜੌਹਰੀ ਦੀ ਵੱਡੀ ਹਵੇਲੀ ਉਸ ਵਕਤ ਪਵਿੱਤਰ ਹੋਈ ਜਦੋਂ ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1509 ਈਸਵੀ ਦੇ ਆਸ ਪਾਸ ਇਸ ਸ਼ਹਿਰ ਵਿਖੇ ਆਪਣੇ ਚਰਨ ਪਾਏ ਅਤੇ ਸਿੱਖ ਸੰਗਤ ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਸੰਗਤ (ਸਿੱਖ ਕੇਂਦਰ) ਸਥਾਪਤ ਕਰਕੇ ਸਾਲਸ ਰਾਏ ਨੂੰ ਹੀ ਇਸ ਸੰਗਤ ਦਾ ਮੁੱਖੀ ਥਾਪਦਿਆਂ ਕਿਹਾ ਕਿ ਤੇਰੇ ਤੋਂ ਬਾਦ ਤੇਰਾ ਨੋਕਰ ਅਧਰੱਕਾ ਇਸ ਸੰਗਤ ਦਾ ਮੁਖੀ ਹੋਵੇਗਾ। ਇਸ ਕੇਂਦਰ ਵਿਖੇ ਗੁਰੂ ਨਾਨਕ ਪੰਥੀ ਰੋਜ਼ਾਨਾ ਜੁੜ ਕੇ ਬੈਠਦੇ ਅਤੇ ਗੁਰੂ ਉਪਦੇਸ਼ ਜਪਦੇ ਅਤੇ ਜਪਾਉਂਦੇ। ਇਹ ਸੰਗਤ ਪੂਰਬੀ ਭਾਰਤ ਵਿਖੇ ਬੜਾ ਪ੍ਰਭਾਵਸ਼ਾਲੀ ਕੇਂਦਰ ਰਿਹਾ। ਹੁਣ ਇਹ ਸਿੱਖ ਪੰਥ ਦਾ ਦੂਸਰਾ ਮਹਾਨ ਪਵਿੱਤਰ ਤਖ਼ਤ ਕਰਕੇ ਸਤਿਕਾਰਿਆ ਜਾਂਦਾ ਹੈ।

ਸਿੱਖ ਧਰਮ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪਰਚਾਰ ਦੌਰਿਆਂ ਸਮੇਂ ਪੂਰਬ ਵੱਲ ਜਾਣ ਉਪਰੰਤ ਕਈ ਨਵੇਂ ਕੇਂਦਰ ਸਥਾਪਤ ਕੀਤੇ ਅਤੇ ਨਾਲ ਹੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਸੰਗਤਾਂ ਵਿਖੇ ਜਾ ਕੇ ਉਨ੍ਹਾਂ ਨੂੰ ਹੋਰ ਮਜਬੂਤ ਕੀਤਾ। ਇਸ ਤਰ੍ਹਾਂ ਗੁਰੂ ਕੇ ਸਿੱਖਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਅਤੇ ਸਿੱਖੀ ਪਰਿਪੱਕ ਹੋਈ। ਪੂਰਬੀ ਭਾਰਤ ਵਿਖੇ ਜਿਤਨੇ ਵੀ ਗੁਰੂ ਨਾਨਕ ਨਾਮ ਲੇਵਾ ਨਾਨਕ ਪੰਥੀ ਸਨ ਉਨ੍ਹਾਂ ਨੇ ਸਿੱਖੀ ਦਾ ਪਰਚਾਰ ਹੋਣ ਕਰਕੇ ਸਿੱਖੀ ਨੂੰ ਹੋਰ ਵਧਾਇਆ ਤੇ ਫੈਲਾਇਆ। ਪੂਰਬੀ ਭਾਰਤ ਦੇ ਸਿੱਖਾਂ ਦੇ ਪਿਆਰ ਦੇ ਬੱਧੇ ਹੋਏ ਗੁਰੂ ਜੀ ਜਦੋਂ ਪਰਿਵਾਰ ਸਮੇਤ ਪਟਨਾ ਪਹੁੰਚੇ ਤਾਂ ਉਨ੍ਹਾਂ ਦੀ ਧਰਮ ਪਤਨੀ (ਮਾਤਾ ਗੁਜਰੀ ਜੀ) ਅਗੰਮੀ ਜੋਤ (ਗੋਬਿੰਦ ਰਾਏ) ਪ੍ਰਕਾਸ਼ ਦੀ ਅਵਸਥਾ ਵਿੱਚ ਸਨ। ਇਸ ਲਈ ਗੁਰੂ ਜੀ ਪਰਿਵਾਰ ਨੂੰ ਪਟਨੇ ਵਿਖੇ ਸੁਵਿਧਾ ਹੋਣ ਕਰਕੇ, ਸਿੱਖ-ਸੇਵਕਾਂ ਦੀ ਦੇਖ-ਰੇਖ ਵਿੱਚ ਸੰਭਾਲ ਕੇ ਆਪ ਕੁਝ ਸਿੱਖਾਂ ਸਮੇਤ ਅਸਾਮ-ਬੰਗਾਲ ਦੇ ਪਰਚਾਰ ਦੌਰੇ ਉੱਤੇ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤਕ ਸਾਨੂੰ ਪੂਰਬੀ ਭਾਰਤ ਦੇ ਸਿੱਖ ਕੇਂਦਰਾਂ ਦੀ ਜਾਣਕਾਰੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਮਿਲਦੀ ਹੈ ਜਿਹੜੀ ਛੇਵੇਂ ਪਾਤਸ਼ਾਹ ਦੇ ਸਮੇਂ ਤੱਕ ਦੇ ਸਿੱਖਾਂ ਦੀ ਜਾਣਕਾਰੀ ਦਿੰਦੀਆਂ ਹਨ :

ਪਟਣੈ ਸਭਰਵਾਲ ਹੈ ਨਵਲੁ ਨਿਹਾਲਾ ਸੁਧ ਪਰਾਣੀ।
ਜੈਤਾ ਸੇਠ ਵਖਾਣੀਐ ਵਿਣੁ ਗੁਰ ਸੇਵਾ ਹੋਰੁ ਨ ਜਾਣੀ।
ਰਾਜ ਮਹਿਲ ਭਾਨੂ ਬਹਿਲੁ ਭਾਉ ਭਗਤਿ ਗੁਰਮਤਿ ਮਨਿ ਭਾਣੀ।

-- -- -- --

ਸੁੰਦਰੁ ਚਢਾ ਆਗਰੈ ਢਾਕੈ ਮੋਹਣਿ ਸੇਵ ਕਮਾਣੀ।
ਸਾਧਸੰਗਤਿ ਵਿਟਹੁ ਕੁਰਬਾਣੀ ॥੩੧॥੧੧॥ (ਵਾਰ ੧੧ ਪਉੜੀ ੩੧)

ਸਿੱਖ ਧਰਮ ਦਾ ਜਨਮ ਭਾਵੇਂ ਪੰਜਾਬ ਵਿੱਚ ਹੋਇਆ ਪਰੰਤੂ ਇਸ ਦਾ ਸੰਦੇਸ਼ ਸੰਸਾਰ ਦੇ ਸਾਰੇ ਲੋਕਾਂ ਲਈ ਸਾਂਝਾ ਤੇ ਇਕੋ ਜਿਹਾ ਹੈ । ਸਿੱਖ ਧਰਮ ਦਾ ਉਪਦੇਸ਼ ਸਮੇਂ, ਸਥਾਨ ਤੋਂ ਉਪਰ ਭਾਵ ਮੁਕਤ ਹੈ ਅਤੇ ਸਰਬਕਾਲੀ, ਸਰਬ ਦੇਸੀ ਅਤੇ ਸਰਬ-ਲੋਕਾਂ ਲਈ ਹੈ । ਜਿਹੜਾ ਵਿਅਕਤੀ ਵੀ ਗੁਰੂ ਸਾਹਿਬਾਨ ਦੇ ਉਪਦੇਸ਼ ਸਮੇਂ ਸੰਪਰਕ ਵਿੱਚ ਆਇਆ ਉਹੀ ਗੁਰੂ ਘਰ ਦਾ ਅਨਿਨ ਸੇਵਕ ਸਿੱਖ ਬਣ ਗਿਆ । ਗੁਰੂ ਸਾਹਿਬਾਨ ਦੀ ਚੁੰਬਕੀ ਸ਼ਖ਼ਸੀਅਤ ਕਰਕੇ ਹਰ ਕੋਈ ਏਧਰ ਖਿਚਿਆ ਗਿਆ । ਹੁਣ ਤਕ ਭੂਮਿਕਾ ਦਾ ਵਰਣਨ ਕਰਨ ਦਾ ਮੰਤਵ ਇਹੀ ਹੈ ਕਿ ਸਿੱਖ ਧਰਮ ਜਿਥੇ ਕਿਥੇ ਵੀ ਫੈਲਿਆ ਆਪਣੇ ਅਮਰ, ਸੱਚੇ, ਸੁੱਚੇ, ਪਵਿੱਤਰ ਤੇ ਪਿਆਰਮਈ ਅਧਿਆਤਮਕ ਅਸੂਲਾਂ ਕਰਕੇ ਫੈਲਿਆ । ਇਹ ਧਰਮ ਨਾ ਤਾਂ ਤਲਵਾਰ ਦੇ ਜੋਰ ਨਾਲ, ਨਾਂ ਰਿਧੀਆਂ-ਸਿਧੀਆਂ ਦੇ ਡਰ ਤੇ ਭੈ ਭੀਤ ਕਰਨ ਵਾਲੇ ਢੰਗਾਂ ਦੁਆਰਾ ਫੈਲਿਆ ਸਗੋਂ ਸਿੱਧੇ ਜਗਿਆਸੂਆਂ ਲਈ ਸਿਧੀ ਸਾਦੀ ਸਧਾਰਨ ਭਾਸ਼ਾ ਵਿਚ ਰੱਬੀ ਸੰਦੇਸ਼ ਵਾਲਾ ਧਰਮ ਹੋਣ ਕਰਕੇ ਫੈਲਿਆ ।

ਇਸੇ ਧਰਮ ਦੀ ਕੜੀ ਨੂੰ ਅੱਗੇ ਤੋਰਨ ਦੇ ਮੰਤਵ ਨਾਲ ਦਸਵੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੇ ਘਰ 22 ਦਸੰਬਰ 1666 ਈ. (ਪੋਹ ਸੁਦੀ ਸਤਵੀ-ਸੰਮਤ 1723) ਨੂੰ ਪਟਨਾ ਵਿਖੇ ਸਾਲਸ ਰਾਏ ਦੀ ਧਰਮਸ਼ਾਲਾ (ਸੰਗਤ) ਵਿਖੇ ਪ੍ਰਕਾਸ਼ ਧਾਰਨ ਕੀਤਾ । ਗੁਰੂ ਜੀ ਨੇ ਆਪਣੇ ਬਚਪਣ ਦੇ 5-6 ਸਾਲ ਜੋ ਪਟਨਾ ਸਾਹਿਬ ਵਿਖੇ ਬਿਤਾਏ ਉਹ ਬੜੇ ਅਨੋਖੇ ਕੌਤਕਾਂ ਤੇ ਚੋਜਾਂ ਨਾਲ ਭਰਪੂਰ ਹਨ । ਪੰਡਤ ਸ਼ਿਵਦਤ ਜੀ ਨੂੰ ਰਾਮਚੰਦਰ ਜੀ ਦੇ ਰੂਪ ਵਿੱਚ ਗੰਗਾ ਦੇ ਕਿਨਾਰੇ ਦਰਸ਼ਨ ਦੇਣੇ ਤੇ ਮਨ ਤ੍ਰਿਪਤ ਕਰਨਾ, ਗੰਗਾ ਵਿਖੇ ਆਪਣੇ ਸੋਨੇ ਦੇ ਕੰਙਣ ਸੁੱਟ ਕੇ ਮਾਇਆ ਦਾ ਤਿਆਗ ਦਸਣਾ, ਪਟਨਾ ਸ਼ਹਿਰ ਦੇ ਰਾਜਾ ਫਤਹਿ ਚੰਦ ਮੈਣੀ ਜੋ ਔਲਾਦ ਤੋਂ ਸਖਣਾ ਸੀ ਦੀ ਰਾਣੀ ਨੂੰ ਮਾਤਾ ਕਹਿ ਕੇ ਮਮਤਾ ਦੀ ਪਿਆਸ ਬੁਝਾਉਣੀ ਅਤੇ ਹਾਂਡੀ ਸਾਹਿਬ ਵਿਖੇ ਮਾਈ ਜਮੁਨਾ ਦੇਈ ਦੀ ਰਿਧੀ ਖਿਚੜੀ ਖਾ ਕੇ ਹਾਂਡੀ ਨੂੰ ਅਮਰ ਕਰਨਾ । ਗੁਰੂ ਕੇ ਬਾਗ ਵਿਖੇ ਪਿਤਾ ਗੁਰੂ ਤੇਗ ਬਹਾਦਰ ਜੀ ਨਾਲ ਪਹਿਲੀ ਮੁਲਾਕਾਤ ਸਮੇਂ ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਦੇ ਬਾਗ ਨੂੰ ਭਾਗ ਲਾਏ ।

ਪਟਨਾ ਸਾਹਿਬ ਵਿਖੇ ਸਭ ਤੋਂ ਮਹੱਤਵਪੂਰਨ ਕੌਤਕ ਬਾਲ ਗੋਬਿੰਦ ਰਾਏ ਜੀ ਦਾ ਤੀਰ ਕਮਾਨਾਂ ਅਤੇ ਗੁਲੇਲਿਆਂ ਨਾਲ ਸੁਆਣੀਆਂ ਦੇ ਘੜੇ ਤੋੜਨ ਵਾਲਾ ਹੈ ਜੋ ਸਾਲਸ ਰਾਏ ਦੀ ਸੰਗਤ ਵਿਖੇ ਖੂਹੀ ਤੋਂ ਠੰਡਾ ਮਿੱਠਾ ਪਾਣੀ ਭਰਨ ਆਉਂਦੀਆਂ ਸਨ । ਇਸ ਕੌਤਕ ਦੇ ਪਿੱਛੇ ਗੁਰੂ ਜੀ ਦੀ ਚੜ੍ਹਦੀ ਕਲਾ ਦੀ ਸਪਿਰਟ ਅਤੇ ਆਉਣ ਵਾਲੇ ਸਮੇਂ ਲਈ ਅਭਿਆਸ ਤੇ ਤਿਆਰੀਆਂ ਸਨ । ਗੁਰੂ ਗੋਬਿੰਦ ਸਿੰਘ ਜੀ ਚੜ੍ਹਦੀ ਕਲਾ ਦੇ ਪੁੰਜ ਸਨ । ਸਮਕਾਲੀ

ਰਾਜਨੀਤਕ ਅਤੇ ਧਾਰਮਕ ਪਰਿਸਥਿਤੀਆਂ ਅਨੁਕੂਲ ਨਹੀਂ ਸਨ। ਕੁਝ ਲੋਕ ਧਰਮ ਪ੍ਰਤਿ ਅਗਿਆਨਤਾ ਕਾਰਨ ਕਰਮ ਕਾਂਡੀ ਬਣ ਚੁੱਕੇ ਸਨ। ਕੁਝ ਆਪਣੀ ਬੀਰ ਪਰੰਪਰਾ ਤੋਂ ਅਨਜਾਣ ਹੋਣ ਕਰਕੇ ਬੁਜਦਿਲ ਹੋ ਚੁੱਕੇ ਸਨ। ਇਸੇ ਕਾਰਣ ਕਰੂਰ ਮੁਗਲ ਹਕੂਮਤ ਨੇ ਕਾਬਜ ਹੋ ਕੇ ਭਾਰਤ ਵਰਸ਼ ਵਿੱਚ ਆਪਣੇ ਧਰਮ ਤੇ ਸਭਿਆਚਾਰ ਦਾ ਪਰਚਾਰ ਸ਼ੁਰੂ ਕਰ ਦਿੱਤਾ ਸੀ। ਭਾਰਤੀ ਲੋਕ, ਆਪਣੀ ਬੋਲੀ ਤੇ ਪਹਿਰਾਵਾ ਬਦਲ ਕੇ ਮੁਗਲ ਸਰਕਾਰ ਦੇ ਅਨੁਯਾਈ ਬਣ ਚੁੱਕੇ ਸਨ। ਗੁਰੂ ਜੀ ਨੇ ਪ੍ਰਕਾਸ਼ ਧਾਰਨ ਕਰਕੇ ਮੁੜ ਸੱਚ ਧਰਮ ਦੀ ਸਥਾਪਨਾ ਕੀਤੀ। ਆਪ ਨੇ ਦੁਸ਼ਟ ਦੋਖੀਆਂ ਦਾ ਨਾਸ ਕਰਕੇ ਨੇਕ ਪੁਰਸ਼ਾਂ ਦੀ ਰੱਖਿਆ ਕੀਤੀ ਸੀ। ਜੈਸਾ ਕਿ ਗੁਰੂ ਜੀ ਨੇ ਆਪਣੀ ਆਤਮ ਕਥਾ ਵਿੱਚ ਵਰਤਨ ਕੀਤਾ :

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵਿ ਪਠਾਏ ॥
ਜਹਾ ਤਹਾ ਤੁਮ ਧਰਮ ਬਿਥਾਰੋ॥ ਦੁਸਟ ਦੋਖਯਨਿ ਪਕਰਿ ਪਛਾਰੋ ॥੪੨॥
– ਬਚਿਤ੍ਰ ਨਾਟਕ ਅ. ੬

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਿਨ ॥੪੩॥
– ਬਚਿਤ੍ਰ ਨਾਟਕ ਅ. ੬

ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੀ ਬਾਲ ਗੋਬਿੰਦ ਰਾਏ ਲਈ ਸ਼ਸਤਰ ਤੇ ਸ਼ਾਸਤਰ ਵਿੱਦਿਆ ਸਿਖਲਾਈ ਪੜ੍ਹਾਈ ਦਾ ਉਚੇਚਾ ਪਰਬੰਧ ਕੀਤਾ। ਘੋੜ ਸਵਾਰੀ, ਨੇਜਾਬਾਜੀ, ਗਤਕਾ, ਤਲਵਾਰ ਚਲਾਉਣ ਦਾ ਹੁਨਰ, ਫੌਜਾਂ ਦਾ ਗਠਨ, ਕਿਲਿਆਂ ਦੇ ਨਿਰਮਾਣ ਆਦਿ ਸਾਰੇ ਜੰਗੀ ਹੁਨਰਾਂ ਦੀ ਸਿਖਲਾਈ ਦਾ ਪਰਬੰਧ ਕੀਤਾ। ਇਸ ਦੇ ਨਾਲ ਵਿੱਦਿਆ ਦੇ ਖੇਤਰ ਵਿੱਚ ਵੀ ਨਿਪੁੰਨਤਾ ਹਾਸਲ ਕਰਾਈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅੰਦਰ ਚੜ੍ਹਦੀ ਕਲਾ ਦਾ ਪੱਖ ਸਭ ਤੋਂ ਮਹੱਤਵਪੂਰਨ ਪੱਖ ਸੀ। ਚੜ੍ਹਦੀ ਕਲਾ ਦਾ ਸ੍ਰੋਤ ਅਕਾਲ ਪੁਰਖ ਦੀ ਅਰਾਧਨਾ ਤੇ ਦ੍ਰਿੜ੍ਹ ਵਿਸ਼ਵਾਸ ਸੀ। ਪ੍ਰਭੂ ਹਮੇਸ਼ਾ ਇਨਸਾਫ ਕਰਦਾ ਹੈ ਅਤੇ ਹੱਕ, ਸੱਚ, ਨਿਆਂ ਲਈ ਜੂਝਣ ਵਾਲਿਆਂ ਨੂੰ ਸੇਧ ਪਰਦਾਨ ਕਰਦਾ ਹੈ, ਉਨ੍ਹਾਂ ਦੇ ਅੰਗ ਸੰਗ ਰਹਿੰਦਾ ਹੈ। ਜ਼ੁਲਮ ਤੇ ਜ਼ਾਲਮ ਦੀ ਖ਼ਾਤਰ ਲੜਨ ਵਾਲਿਆਂ ਨੂੰ ਹਮੇਸ਼ਾ ਜਿੱਤ ਬਖਸ਼ਿਸ਼ ਕਰਦਾ ਹੈ। ਗੁਰੂ ਜੀ ਨੂੰ ਅਕਾਲ ਪੁਰਖ ਦੀ ਹਸਤੀ ਸ਼ਕਤੀ ਉੱਤੇ ਪੂਰਨ ਤੇ ਦ੍ਰਿੜ ਭਰੋਸਾ ਸੀ। ਇਹੀ ਭਰੋਸਾ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਦ੍ਰਿੜ੍ਹ ਕਰਨ ਦਾ ਉਪਦੇਸ਼ ਦਿੱਤਾ।

ਗੁਰੂ ਜੀ ਦੀ ਚੜ੍ਹਦੀ ਕਲਾ ਦੀ ਮਿਸਾਲ ਸਾਨੂੰ ਉਨ੍ਹਾਂ ਦੁਆਰਾ ਕੀਤੇ ਗਏ ਭੰਗਾਣੀ ਦੇ ਧਰਮ ਯੁੱਧ ਤੋਂ ਮਿਲਦੀ ਹੈ ਜਦੋਂ ਗਦਾਰ ਪਠਾਣਾਂ ਦੀਆਂ ਕੰਪਨੀਆਂ ਭੱਜ ਗਈਆਂ ਤੇ ਕੇਵਲ ਇੱਕ ਹੀ ਰਹਿ ਗਈ। ਜਦ ਸਿੰਘਾਂ ਨੇ ਇਸ ਬਾਰੇ ਗੁਰੂ ਜੀ ਨੂੰ ਦੱਸਿਆ ਕਿ ਪਠਾਣ ਧੋਖਾ ਦੇ ਗਏ ਹਨ ਤਾਂ ਗੁਰੂ ਜੀ ਨੇ ਉੱਤਰ ਦਿੱਤਾ ਕਿ ਯੁੱਧ ਤਾਂ ਬੰਦਿਆਂ ਨਾਲ ਨਹੀਂ ਸਗੋਂ ਅਕਾਲ ਪੁਰਖ ਦੇ ਆਸਰੇ ਲੜਿਆ ਜਾਂਦਾ ਹੈ। ਇਸ ਦ੍ਰਿੜ੍ਹਤਾ ਦਾ ਨਤੀਜਾ ਇਹ ਹੋਇਆ ਕਿ ਗੁਰੂ ਜੀ ਦੀ ਇਸ ਯੁੱਧ ਅੰਦਰ ਸ਼ਾਨਦਾਰ ਜਿੱਤ ਹੋਈ। ਗੁਰੂ ਜੀ ਨੂੰ ਜਿਤਨੀਆਂ ਵੀ

ਜੰਗਾਂ ਲੜਨੀਆਂ ਪਈਆਂ ਉਹ ਸਭ ਡੀਫੈਂਸ ਵਿਚ ਹੀ ਲੜੀਆਂ । ਗੁਰੂ ਜੀ ਅਮਨ ਪਸੰਦ ਸਨ । ਲੜਾਈ ਨਹੀਂ ਸਨ ਚਾਹੁੰਦੇ, ਪਰੰਤੂ ਇਸ ਦਾ ਮਤਲਬ ਇਹ ਵੀ ਨਹੀਂ ਸੀ ਕਿ ਉਹ ਡਰਦੇ ਸਨ । ਐਸਾ ਨਹੀਂ ਸੀ । ਗੁਰੂ ਜੀ ਨੇ ਆਪਣੀ ਯੁੱਧ ਨੀਤੀ ਸਪਸ਼ਟ ਕਰਦਿਆਂ ਕਿਹਾ ਕਿ ਜਦੋਂ ਅਮਨ ਤੇ ਸੁਲਹਾ ਸਫਾਈ ਦੇ ਸਾਰੇ ਹੀਲੇ ਅਸਫਲ ਹੋ ਜਾਣ ਤਾਂ ਤਲਵਾਰ ਚੁੱਕਣੀ ਜਾਇਜ਼ ਹੈ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥ - ਜ਼ਫ਼ਰਨਾਮਾ

ਗੁਰੂ ਜੀ ਨੇ ਇਸ ਪਰਕਾਰ ਬੀਰਤਾ ਦਾ ਅੰਸ਼ ਭਾਰਤ ਵਾਸੀਆਂ ਅੰਦਰ ਜਗਾਇਆ । ਭਾਰਤ ਵਰਸ਼ ਜੋ ਗੁਲਾਮੀ ਵਿੱਚ ਜਕੜਿਆ ਹੋਇਆ ਸੀ ਦੇ ਮਨਾਂ ਅੰਦਰ ਸਵੈ-ਮਾਨ, ਅਣਖ, ਇਜ਼ਤ ਪੱਤ ਵਾਲਾ ਜੀਵਨ ਜਿਊਣ ਦਾ ਸਾਹਸ ਪਰਦਾਨ ਕੀਤਾ । ਗੁਰੂ ਜੀ ਨੇ ਲਤਾੜੇ, ਪਛਾੜੇ ਗਰੀਬ ਲੋਕਾਂ ਨੂੰ ਸੂਰਬੀਰ ਬਲੀ ਯੋਧੇ ਬਣਾ ਦਿੱਤਾ, ਡਰਪੋਕਾਂ ਤੋਂ ਬਹਾਦਰ ਬਣਾਉਣਾ ਗੁਰੂ ਜੀ ਦੀ ਇੱਕ ਕਰਾਮਾਤ ਸੀ । ਇਸ ਸਭ ਦੇ ਪਿਛੇ ਅਕਾਲ ਪੁਰਖ ਦੀ ਸ਼ਕਤੀ ਸੀ ਜੋ ਸ਼ਸਤਰਾਂ ਦਾ ਪਰਤੀਕ ਬਣ ਕੇ ਸਾਹਮਣੇ ਆਈ । ਗੁਰੂ ਜੀ ਇੱਕ ਜੁਗ ਪਲਟਾਊ ਯੁਗ ਪੁਰਸ਼ ਸਨ । ਉਨ੍ਹਾਂ ਪ੍ਰਤੀ ਨਿਮਨਲਿਖਤ ਵਿਚਾਰ ਇਸ ਭਾਵਨਾ ਨੂੰ ਸਪਸ਼ਟ ਕਰਦੇ ਹਨ:

ਚਿੜੀਆਂ ਤੋਂ ਮੈਂ ਬਾਜ ਤੁੜਾਊਂ ॥ ਗਿਦੜਾਂ ਤੋਂ ਮੈਂ ਸ਼ੇਰ ਬਣਾਊਂ ॥
ਸਵਾ ਲਾਖ ਸੇ ਏਕ ਲੜਾਊਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥

ਭਾਰਤ ਵਾਸੀਆਂ ਦੇ ਮਨਾਂ ਨੂੰ ਬਦਲਣ ਦੀ ਲੋੜ ਸੀ । ਮਨਾਂ ਵਿਚੋਂ ਗੁਲਾਮੀ ਦੇ ਸੰਸਕਾਰ ਕਢਣ ਦੀ ਜਰੂਰਤ ਸੀ । ਇਨ੍ਹਾਂ ਸੰਸਕਾਰਾਂ ਨੂੰ ਬਦਲਣ ਲਈ ਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਦੇ ਕੇ ਮਨ ਵਿਚੋਂ ਹਮੇਸ਼ਾਂ ਲਈ ਮੌਤ ਦਾ ਭੈ ਖਤਮ ਕਰ ਦਿੱਤਾ, ਜਾਤ-ਪਾਤ ਦੇ ਬੰਧਨ ਖਤਮ ਕਰਕੇ ਬਰਾਬਰਤਾ ਵਾਲਾ ਸਮਾਜ ਸਾਜਿਆ, ਊਚ-ਨੀਚ ਦਾ ਭੇਦ ਭਾਵ ਮਿਟਾ ਦਿੱਤਾ । ਪਾਉਂਟਾਂ ਸਾਹਿਬ (ਹਿਮਾਚਲ) ਵਿਖੇ ਸਾਢੇ ਚਾਰ ਸਾਲ ਦੇ ਨਿਵਾਸ ਦੋਰਾਨ, ਭਾਰਤ ਵਰਸ਼ ਦੇ ਅਮੀਰ ਵਿਰਸੇ ਤੇ ਸੂਰਬੀਰਤਾ ਵਾਲਾ ਸਾਹਿਤ ਭਾਰਤੀ ਜਨ ਸਧਾਰਨ ਦੀ ਭਾਸ਼ਾ ਵਿੱਚ ਉਲਥਾਇਆ ਤੇ ਹੋਰ ਬਹੁਤ ਸਾਰੇ ਬੀਰ ਰਸੀ ਸਾਹਿਤ ਦੀ ਰਚਨਾ ਕਰਵਾਈ । 52 ਕਵੀਆਂ ਦਾ ਰੋਜਾਨਾ ਕਵੀ ਦਰਬਾਰ ਹੁੰਦਾ । ਇਨ੍ਹਾਂ ਕਵੀਆਂ ਦੁਆਰਾ ਰਚਿਤ ਜ਼ਿੰਦਗੀ ਨੂੰ ਹਲੂਣਨ ਵਾਲੀਆਂ ਰਚਨਾਵਾਂ ਨੇ ਭਾਰਤ-ਵਾਸੀਆਂ ਨੂੰ ਗਫ਼ਲਤ ਦੀ ਨੀਂਦ ਤੋਂ ਜਗਾਇਆ । ਨਤੀਜਾ ਇਹ ਹੋਇਆ ਉੱਤਰ ਭਾਰਤ ਅੰਦਰ ਇੱਕ ਬਹੁਤ ਵੱਡੇ ਪਰਿਵਰਤਨ ਦੀ ਲਹਿਰ ਚੱਲੀ । ਮੁਸਲਮਾਨ ਹਕੂਮਤ ਦਾ ਤਖਤ ਡੋਲਿਆ ਅਤੇ ਆਪਣੇ ਅੰਤਮ ਖਾਤਮੇ ਵੱਲ ਵਧਣ ਲੱਗਾ । ਗੁਰੂ ਜੀ ਦੀ ਇਹ ਇਕ ਬਹੁਤ ਵੱਡੀ ਜਿੱਤ ਸੀ ਜਿਹੜੀ ਭਾਰਤ ਵਰਸ਼ ਦੇ ਇਤਿਹਾਸ ਵਿੱਚ ਹਮੇਸ਼ਾ ਅਗਵਾਈ ਦੇ ਰੂਪ ਵਿਚ ਸਲਾਹੀ ਜਾਂਦੀ ਰਹੇਗੀ । ਗੁਰੂ ਜੀ ਨੇ ਭਾਰਤ ਵਾਸੀਆਂ ਦੇ ਹੱਕਾਂ, ਧਰਮ, ਇੱਜ਼ਤ ਤੇ ਪਤ ਨੂੰ ਬਚਾਉਣ ਲਈ ਹਰ ਪਰਕਾਰ ਦੀ ਕੁਰਬਾਨੀ ਕੀਤੀ । ਦੇਸ਼-ਵਾਸੀਆਂ ਦੇ ਹਿੰਦੂ ਧਰਮ ਦੀ ਖਾਤਰ ਪਿਤਾ ਜੀ ਦੀ ਕੁਰਬਾਨੀ ਦਿੱਤੀ । ਫਿਰ ਆਪਣੇ ਚਾਰੇ ਪੁੱਤਰ, ਪਿਆਰੇ ਸਿੱਖ, ਅੰਤ ਨੂੰ ਆਪਣਾ ਆਪ ਤੇ ਆਪਣਾ ਸਭ ਕੁਛ ਦੇਸ਼, ਧਰਮ ਦੀ ਖਾਤਰ ਕੁਰਬਾਨ ਕਰ ਦਿੱਤਾ ।

ਗੁਰੂ ਜੀ ਨੇ ਸਿੱਖੀ ਰਹਿਤ ਵਿੱਚ ਸ਼ਸਤਰਾਂ ਨੂੰ ਬੜੀ ਮਹਾਨਤਾ ਦਿੱਤੀ । ਸ਼ਸਤਰਾਂ ਨੂੰ ਪ੍ਰਭੂ ਸ਼ਕਤੀ ਦਾ ਪਰਤੀਕ ਮੰਨ ਕੇ ਇਨ੍ਹਾਂ ਦੀ ਪੂਜਾ ਤੇ ਵਰਦਾਨ ਦੀ ਐਸੀ ਮੰਗ ਕੀਤੀ

ਜਿਹੜੀ ਸੰਸਾਰ ਦੀਆਂ ਸਾਰੀਆਂ ਮੰਗਾਂ ਤੋਂ ਨਿਆਰੀ ਸੀ । ਸ਼ਸਤਰਾਂ ਨੂੰ ਪੀਰ ਕਹਿ ਕੇ ਸਤਿਕਾਰਿਆ ਤੇ ਸਵੀਕਾਰਿਆ ।

ਅਕਾਲ ਪੁਰਖ ਕੀ ਰਛਾ ਹਮਨੈ ॥ ਸਰਬ ਲੋਹ ਕੀ ਰਛਿਆ ਹਮਨੈ ॥

ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥੩॥

ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ ॥
ਤੁਹੀ ਨਿਸਾਨੀ ਜੀਤ ਕੀ ਆਜੁ ਤੁਹੀ ਜਗਬੀਰ ॥੫॥ ਸਸਤ੍ਰ ਮਾਲਾ –

ਅੱਜ ਖਾਲਸੇ ਦੀ ਤਲਵਾਰ, ਰੱਖੀ ਸ਼ਕਤੀ ਦਾ ਚਿੰਨ੍ਹ ਹੈ । ਖਾਲਸੇ ਨੂੰ ਅੰਗ ਸੰਗ ਰੱਖਣ ਦਾ ਉਪਦੇਸ਼ ਹੈ । ਇਹ ਸ਼ਸਤਰ ਗਰੀਬ ਦੀ ਰੱਖਿਆ ਲਈ ਹੈ, ਜਰਵਾਣੇ ਦੀ ਰਖਿਆ ਲਈ ਹੈ । ਸ਼ਸਤਰ ਦੁਰਮਤ ਦਾ ਨਾਸ ਕਰਨ ਵਾਲੀ ਸ਼ਕਤੀ ਮਨ ਨੇ ਇਸ ਤੋਂ ਮੰਗ ਕੀਤੀ ਹੈ । ਸ਼ਸਤਰ ਸੰਸਾਰ ਦੇ ਕਲਿਆਣ ਲਈ ਵਰਤਣ ਦਾ ਉਪਦੇਸ਼ ਦਿੱਤਾ:

ਖਗ ਖੰਡ ਬਿਹੰਡੰ ਖਲਦਲ ਖੰਡੰ ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨੁ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸਿ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥੨॥
– ਬਚਿਤ੍ਰ ਨਾਟਕ ਅ. ੧

ਗੁਰੂ ਜੀ ਨੇ ਧਰਮ ਨੂੰ ਮੰਦਰਾਂ ਤੇ ਮਸਜਿਦਾਂ ਦੇ ਸੀਮਤ ਦਾਇਰੇ ਚੋਂ ਕੱਢ ਕੇ ਵਿਸ਼ਵ ਵਿਆਪੀ ਪੱਧਰ ਤੇ ਸਰਬ-ਵਿਆਪਕ ਪਰਚਾਰਿਆ ਤੇ ਪਰਸਾਰਿਆ । ਸਾਰੀ ਮਾਨਵਜਾਤੀ ਨੂੰ ਪ੍ਰਭੂ ਦੀ ਕਿਰਤ ਮੰਨ ਕੇ ਭਰਾਤਰੀ ਭਾਵ ਦੀ ਭਾਵਨਾ ਪਰਗਟ ਕੀਤੀ । ਗੁਰੂ ਜੀ ਦਾ ਵਿਸ਼ਵ ਵਿਆਪੀ ਧਰਮ ਅੱਜ ਸਾਰੇ ਸੰਸਾਰ ਦਾ ਇਕੋ ਇੱਕ ਸਾਂਝਾ ਧਰਮ ਹੋ ਸਕਦਾ ਹੈ :

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥ ਅਕਾਲ ਉਸਤਤਿ

ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ
ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ ॥ – ਅਕਾਲ ਉਸਤਤਿ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚੜ੍ਹਦੀ ਕਲਾ ਦਾ ਸਿਖਰ ਉਸ ਵਕਤ ਉਭਰ ਕੇ ਸਾਹਮਣੇ ਆਉਂਦਾ ਹੈ ਜਿਸ ਵਕਤ ਗੁਰੂ ਜੀ ਅਕਾਲ ਪੁਰਖ ਤੋਂ ਇਹੀ ਵਰਦਾਨ ਮੰਗਦੇ ਹਨ ਕਿ ਹੇ ਪ੍ਰਭੂ ਮੈਨੂੰ ਸਮਰਥਾ ਦਿਉ ਕਿ ਮੈਂ ਆਪਣਾ ਅੰਤਮ ਸੁਆਸ ਦੇਸ਼ ਧਰਮ ਦੇ ਸ਼ੁਭ ਕਰਮਾਂ ਲਈ ਨਿਸ਼ਾਵਰ ਕਰ ਦਿਆ । ਸ਼ੁਭ ਕਰਮ ਲਈ ਪੂਰਨ ਵਿਸ਼ਵਾਸ ਅਤੇ ਜਿੱਤ ਵਿੱਚ ਪੂਰੇ ਭਰੋਸੇ ਦੀ ਮੰਗ ਕੀਤੀ ਹੈ । ਗੁਰੂ ਜੀ ਨੇ ਇਹੀ ਵਰ ਮੰਗਿਆ ਕਿ ਮੈਂ ਸ਼ੁਭ ਕਰਮ ਕਰਦਾ ਹੋਇਆ ਆਪਣਾ ਅੰਤਮ ਸੁਆਸ ਤਿਆਗਾਂ । ਇਤਨੀ ਵਿਸ਼ਾਲ ਤੇ ਦੇਸ਼ ਪਿਆਰ

ਦੀ ਭਾਵਨਾ ਹੈ :

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ ॥
ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰਿ ਅਪੁਨੀ ਜੀਤ ਕਰੋ ॥
ਅਰੁ ਸਿਖ ਹੌ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ॥੨੩੧॥

ਉਕਤਿ ਬਿਲਾਸ ਅ. ੮

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 42 ਸਾਲ ਦੀ ਛੋਟੀ ਉਮਰ ਅੰਦਰ ਵੱਡੇ ਕਾਰਨਾਮੇ ਕਰ ਵਖਾਉਣੇ ਇੱਕ ਕਰਾਮਾਤ ਵਾਂਗ ਸਨ ਜਿਹੜੇ ਆਮ ਸਧਾਰਨ ਧਾਰਮਕ, ਸਮਾਜਕ ਤੇ ਰਾਜਨੀਤਕ ਨੇਤਾ ਨਹੀਂ ਕਰ ਸਕਦੇ। ਗੁਰੂ ਜੀ ਦਾ ਨੀਲਾ ਘੋੜਾ, ਚਮਕਦੀ ਕਲਗੀ, ਜੰਗੀ ਬਾਣਾ, ਚਿਟਾ ਬਾਜ਼, ਸ਼ਸਤਰ ਅਸਤਰ, ਤੀਰ ਕਮਾਨ, ਨੇਜਾ, ਬਰਛਾਂ, ਢਾਲ, ਨੀਲੇ ਘੋੜੇ ਦੀ ਟਾਪ ਆਤਮਕ ਜਾਗਰਤੀ ਦੇ ਚਿੰਨ੍ਹ ਹਨ ਜਿਹੜੇ ਇੱਕ ਡਰਪੋਕ ਨੂੰ ਬਹਾਦਰ ਬਣਾ ਦਿੰਦੇ ਹਨ।

ਗੁਰੂ ਜੀ ਨੇ ਡਿੱਗੀ ਹੋਈ ਕੌਮ ਦੀ ਮੁਰਦਾ ਰੂਪ ਵਿੱਚ ਇੱਕ ਜੋਸ਼ ਭਰਿਆ। ਆਪ ਭਾਰਤ ਵਰਸ਼ ਵਿੱਚ ਧਾਰਮਕ ਤੇ ਰਾਜਸੀ ਕਰਾਂਤੀ ਪੈਦਾ ਕਰਨ ਵਾਲੇ ਸਨ। ਆਪ ਜੀ ਅਤਿਆਚਾਰ ਨੂੰ ਹਮੇਸ਼ਾਂ ਲਈ ਜੜ੍ਹਾਂ ਤੋਂ ਖਤਮ ਕਰਨ ਵਾਲੇ ਅਤੇ ਅਕਾਲ ਪੁਰਖ ਦੀ ਰਜ਼ਾ ਅੰਦਰ ਖਾਲਸੇ ਦੀ ਸਾਜਨਾ ਕਰਨ ਵਾਲੇ ਇੱਕ ਯੁਗ ਪੁਰਸ਼ ਸਨ। ਗੁਰੂ ਗੋਬਿੰਦ ਸਿੰਘ ਜੀ ਹਮੇਸ਼ਾ ਹਮੇਸ਼ਾ ਲਈ ਆਪਣੀਆਂ ਕੁਰਬਾਨੀਆਂ ਕਰਕੇ ਅਮਰ ਰਹਿਣਗੇ।

## ਸਿੱਖੀ ਦਾ ਪ੍ਰਚਾਰ ਪ੍ਰਸਾਰ ਕਿਵੇਂ ਹੋਵੈ...

ਬਲਵਿੰਦਰ ਸਿੰਘ 'ਸਾ.ਗਰ'

ਸਿੱਖ ਪੰਥ ਸਾਮ੍ਹਣੇ ਅੱਜ ਸਭ ਤੋਂ ਵਡੀ ਚੁਣੌਤੀ ਹੈ ਕਿ ਸਿੱਖੀ ਸਰੂਪ ਨੂੰ ਕਿਵੇਂ ਬਚਾਇਆ ਜਾਵੇ। ਨੌਜਵਾਨ ਪੀੜ੍ਹੀ ਨੂੰ ਸਿਖੀ ਨਾਲ ਕਿਵੇਂ ਜੋੜਿਆ ਜਾਵੇ। ਸਿੱਖੀ ਸਰੂਪ ਦੇ ਨਿਘਾਰ ਦਾ ਵਡਾ ਕਾਰਨ ਹੈ ਸਿੱਖੀ ਦੇ ਠੋਸ ਅਤੇ ਸੇਧਿਤ ਪ੍ਰਚਾਰ ਦੀ ਘਾਟ ਅਤੇ ਸਿੱਖੀ ਸਿਧਾਂਤਾ,ਗੁਰਬਾਣੀ ਅਤੇ ਸਿੱਖ ਇਤਿਹਾਸ ਪ੍ਰਤੀ ਸਾਡੀ ਉਦਾਸੀਨਤਾ। ਸਿੱਖੀ ਰਹੁ ਰੀਤਾਂ ਦਾ ਸਾਡੇ ਆਪਣੇ ਜੀਵਨ ਵਿੱਚ ਕੋਈ ਮਹਤਵ ਨਾ ਰਹਿਣਾ। ਸਾਡੀ ਰਹਿਣੀ, ਬਹਿਣੀ, ਕਥਨੀ ਕਰਨੀ ਅਤੇ ਜੀਵਨ ਸ਼ੈਲੀ ਵਿੱਚ ਸਿੱਖੀ ਬਹੁਤ ਘਟ ਦੇਖਣ ਨੂੰ ਮਿਲਦੀ ਹੈ। ਪਰਿਵਾਰਾਂ ਵਿੱਚ ਬਹੁਤਾਤ ਕਰਕੇ ਪਛਮੀ ਸਭਿਅਤਾ ਦਾ ਬੋਲਬਾਲਾ ਹੈ। ਇਥੋਂ ਤੱਕ ਕਿ ਅਸੀ ਸਿੱਖੀ ਪਰੰਪਰਾਵਾਂ ਵਿੱਚ ਪਛਮੀ ਯਾਂ ਬ੍ਰਾਹਮਣ ਵਾਦੀ ਸੋਚ ਸ਼ਾਮਿਲ ਕਰ ਲਈ ਹੈ। ਉਦਾਹਰਣ ਵਜੋਂ ਅਸੀ ਆਪਣੇ ਅਤੇ ਬੱਚਿਆਂ ਦੇ ਜਨਮ ਦਿਵਸ ਸਮੇਂ ਯਾਂ ਆਪਣੀ ਐਨੀਵਰਸਰੀ ਆਦਿ ਸਮੇਂ ਪਾਠ, ਕੀਰਤਨ ਅਤੇ ਗੁਰਮਤਿ ਸਮਾਗਮ ਕਰਵਾਉਂਦੇ ਹਾਂ। ਬਹੁਤ ਚੰਗੀ ਗਲ ਹੈ। ਪਰ ਬਾਅਦ ਵਿੱਚ ਕੇਕ ਕਟੱਣ ਦੀ ਪਰੰਪਰਾ ਵੀ ਬਹੁਤ ਜ਼ਰੂਰੀ

ਬਣ ਗਈ ਹੈ । ਇਸੇ ਤਰਾਂ ਵਿਆਹ-ਸ਼ਾਦੀ ਵਿੱਚ ਵੀ ਕੇਕ ਕਟਣ ਅਤੇ ਜੈਮਾਲਾ ਆਦਿ ਦੀ ਰਸਮ ਅਸੀ ਅਪਣਾ ਲਈ ਹੈ । ਇਹ ਇਸ ਲਈ ਲਿਖਣਾ ਜ਼ਰੂਰੀ ਹੈ ਕਿ ਇਸ ਵਿੱਚ ਅਸੀ ਪਰਿਵਾਰ ਦੇ ਵਡੇ ਅਤੇ ਛੋਟੇ ਸਭ ਸ਼ਾਮਲ ਹਾਂ । ਫਿਰ ਕੇਵਲ ਬੱਚਿਆਂ ਨੂੰ ਦੋਸ਼ ਕਿਵੇਂ ਦਿੱਤਾ ਜਾ ਸਕਦਾ ਹੈ ।

ਆਓ ਸਾਰੇ ਰਲ ਕੇ ਇੱਕ ਵੱਡਾ ਹੰਭਲਾ ਮਾਰੀਏ । ਨੌਜਵਾਨਾਂ ,ਬੱਚਿਆਂ ਅਤੇ ਆਮ ਲੋਕਾਂ ਨੂੰ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਸੰਗਤਾਂ ਨੂੰ ਜਾਗਰੂਕ ਕਰੀਏ । ਗੁਰੂ ਕਿਰਪਾ ਕਰੇਗਾ । ਇਸ ਕਾਰਜ ਲਈ ਹੇਠ ਲਿਖੇ ਸੁਝਾਅ ਪੇਸ਼ ਕਰਨ ਦੀ ਖੁਸ਼ੀ ਲੈਂਦਾਂ ਹਾਂ ਜੀ ।

**ਸਿਖ ਸੰਸਥਾਵਾਂ** ਵਲੋਂ ਵਡੇ ਪਧਰ ਤੇ ਪਿਡਾਂ ਸ਼ਹਿਰਾਂ ਦੇ ਸਕੂਲਾਂ ਵਿੱਚ ਧਾਰਮਕ ਅਧਿਆਪਕ ਅਤੇ ਕਿਤਾਬਾਂ ਮੁਫਤ ਦਿੱਤੀਆਂ ਜਾਣ । ਟੀਚਰਾਂ ਦੀ ਤਨਖਾਹ ਅਤੇ ਕਿਤਾਬਾਂ ਦਾ ਖਰਚ ਦਸਵੰਧ ਚੋਂ ਦੀਤਾ ਜਾਵੇ । ਅਗਰ ਕੋਈ ਸਕੂਲ, ਸੰਸਥਾ ਇਸ ਵਿੱਚ ਯੋਗਦਾਨ ਪਾਉਣਾ ਚਾਹੇ ਤਾਂ ਉਸਦਾ ਸੁਆਗਤ ਕੀਤਾ ਜਾਵੇ । ਹਰ ਸਾਲ ਇਨ੍ਹਾਂ ਬੱਚਿਆਂ ਦੀ ਧਾਰਮਕ ਪ੍ਰੀਖਿਆ ਲਈ ਜਾਵੇ ਅਤੇ ਬੱਚਿਆਂ ਨੂੰ ਯੋਗ ਇਨਾਮ ਅਤੇ ਹੌਂਸਲਾ ਦਿੱਤਾ ਜਾਵੇ । ਇਸ ਲਈ ਟੀ. ਵੀ. ਚੈਨਲ ਦੀ ਮਦਦ ਵੀ ਲਈ ਜਾਵੇ । ਗੁਰਪੁਰਬਾਂ ਅਤੇ ਗੁਰਮਤਿ ਸਮਾਗਮਾਂ ਸਮੇਂ ਇਨ੍ਹਾਂ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇ ਤਾਂ ਜੋ ਬਾਕੀ ਬੱਚੇ ਵੀ ਪ੍ਰੇਰਿਤ ਹੋ ਸਕਣ । ਸਮੇਂ ਦੀ ਲੋੜ ਨੂੰ ਮੁੱਖ ਰਖਦਿਆਂ ਸਕੂਲਾਂ, ਗਲੀਆਂ ਮੁੱਹਲਿਆਂ, ਪਿੰਡਾਂ, ਸ਼ਹਿਰਾਂ ਅਤੇ ਗੁਰਦੁਆਰਿਆਂ ਵਿੱਚ ਸਿੱਖ ਸਿਧਾਤਾਂ ਅਤੇ ਇਤਿਹਾਸ ਦੀ ਭਰਪੂਰ ਜਾਣਕਾਰੀ ਦਿੰਦੀਆਂ ਟੈਲੀ ਫਿਲਮਾਂ ਦਿਖਾਂਈਆਂ ਜਾਣ ।

ਤਿਮਾਹੀ ਜਾਂ ਛਿਮਾਹੀ ਬੱਚਿਆਂ ਲਈ ਇੱਕ ਕੈਂਪ ਲਗਾਇਆ ਜਾਵੇ । ਜਿਸ ਵਿੱਚ ਬੱਚਿਆਂ ਨੂੰ ਧਰਮ ਅਤੇ ਕੈਰੀਅਰ ਪ੍ਰਤੀ ਸੁਚੇਤ ਅਤੇ ਸਿਖਿਅਤ ਕੀਤਾ ਜਾਵੇ । ਕੈਰੀਅਰ ਪ੍ਰਤੀ ਗਾਈਡੈਂਸ ਦਿੱਤੀ ਜਾਵੇ । ਸ਼ੰਕੇ ਨਵਿਰਤ ਕੀਤੇ ਜਾਣ । ਸਿੱਖੀ ਸਿਧਾਤਾਂ, ਪਰੰਪਰਾਵਾਂ ਦੀ ਪ੍ਰੈਕਟੀਕਲ ਜਾਣਕਾਰੀ ਦਿਤੀ ਜਾਵੇ । ਸਿੱਖ ਇਤਿਹਾਸ ਦ੍ਰਿੜ ਕਰਵਾਇਆ ਜਾਵੇ । ਪਤਿਤ ਬੱਚਿਆਂ ਨੂੰ ਪਿਆਰ ਅਤੇ ਸਤਿਕਾਰ ਨਾਲ ਸਿੱਖੀ ਵਲ ਮੋੜਿਆ ਜਾਵੇ ।

ਸਿੱਖ ਲੋੜਵੰਦ ਪਰਿਵਾਰਾਂ ਦੀ ਆਰਥਿਕ ਮਦਦ ਵੀ ਸਿੱਖੀ ਪ੍ਰਚਾਰ ਅਤੇ ਪਰਸਾਰ ਲਈ ਬਹੁਤ ਹੀ ਸਹਾਈ ਸਿਧ ਹੋ ਸਕਦੀ ਹੈ । ਅਜੋਕੇ ਸਮੇਂ ਵਿੱਚ ਡੇਰਾਵਾਦ ਅਤੇ ਹੋਰ ਧਰਮਾਂ ਪ੍ਰਤੀ ਰੁਚੀ ਵਧਣ ਦਾ ਵੱਡਾ ਕਾਰਨ ਆਰਥਿਕ ਤੇ ਸਮਾਜਕ ਲੋੜਾਂ ਹਨ । ਈਸਾਈ ਮਤ ਦੀ ਉਦਾਹਰਣ ਲਈਏ । ਉਨਾਂ ਭਾਰਤ ਵਿੱਚ ਆਕੇ ਫ੍ਰੀ ਮੈਡੀਕਲ, ਫ੍ਰੀ ਸਕੂਲ ਅਤੇ ਰੋਜਗਾਰ ਦੇ ਕੇ ਵੱਡੀ ਗਿਣਤੀ ਵਿੱਚ ਲੋਕਾਂ ਦਾ ਧਰਮ ਪਰਿਵਰਤ ਕਰਵਾ ਕੇ ਈਸਾਈ ਬਣਾਇਆ । ਇਹੀ ਕੁਝ ਅੱਜ ਦੇ ਕੁਝ ਡੇਰੇ ਵਾਲੇ ਅਤੇ ਕਈ ਹੋਰ ਸੰਸਥਾਵਾਂ ਵੀ ਕਰ ਰਹੀਆਂ ਹਨ । ਨਵੇਂ ਤੇ ਮੰਹਿਗੇ ਗੁਰਦੁਆਰਿਆਂ ਅਤੇ ਮੰਹਿਗੇ ਸਮਾਗਮਾਂ ਦੀ ਥਾਂ ਨਵੇਂ ਸਕੂਲ, ਕਾਲਜ਼, ਪ੍ਰੋਫੈਸ਼ਨਲ ਗਾਈਡੈਂਸ ਸੈਂਟਰ ਖੋਲੇ ਜਾਣ । ਸਿੱਖ ਬੱਚਿਆਂ ਨੂੰ ਵਿਸ਼ੇਸ਼

ਰਿਆਇਤਾਂ / ਵਜੀਫੇ ਦੇ ਕੇ ਬੱਚਿਆਂ ਨੂੰ ਧਰਮ ਪ੍ਰਤੀ ਖਿੱਚ ਪੈਦਾ ਕੀਤੀ ਜਾਵੇ। ਲੋੜਵੰਦ ਹੋਸ਼ਿਆਰ ਬੱਚਿਆਂ ਨੂੰ ਆਪਣੀ ਪ੍ਰੋਫੈਸ਼ਨਲ ਸਿੱਖਿਆ ਪ੍ਰਾਪਤੀ ਲਈ ਵੱਧ ਤੋਂ ਵੱਧ ਆਰਥਕ ਮਦਦ ਦਿੱਤੀ ਜਾਵੇ ।

ਬਹੁਤ ਸਾਰੀਆਂ ਸੰਸਥਾਵਾਂ ਇਹ ਕਾਰਜ ਕਰ ਵੀ ਰਹੀਆਂ ਹਨ । ਬੜਾ ਸ਼ਲਾਘਾਂ ਯੋਗ ਉੱਦਮ ਹੈ । ਪਰ ਲੋੜ ਇਸ ਗੱਲ ਦੀ ਵੀ ਹੈ ਕਿ ਚਲ ਰਹੀਆਂ ਸਿੱਖ ਵਿਦਿਅਕ ਸੰਸਥਾਵਾਂ ਵਿੱਚ ਵੱਡੇ ਪੱਧਰ ਤੇ ਧਾਰਮਿਕ ਸਿੱਖਿਆ ਲਾਜ਼ਮੀ ਕਰਕੇ ਇਹ ਕਾਰਜ ਹੋਰ ਬੇਹਤਰ ਹੋ ਸਕੇਗਾ । ਪਰ ਕਿਸੇ ਧਰਮ ਦੇ ਖਿਲਾਫ ਕੋਈ ਗੱਲ ਨਹੀਂ ਹੋਣੀ ਚਾਹੀਦੀ ।

**ਗੁਰਦੁਆਰਿਆਂ ਵਿੱਚ- ਸਮਾਗਮਾ ਸੰਬਧੀ** :- ਗੁਰੂ ਘਰਾਂ ਵਿੱਚ ਹੋ ਰਹੇ ਪ੍ਰਚਾਰ ਨੂੰ ਕੇਵਲ ਕੀਰਤਨ, ਕਥਾ ਤੱਕ ਸੀਮਤ ਨਾ ਕਰਕੇ ਇਸ ਤੋਂ ਅੱਗੇ ਚਲਿਆ ਜਾਵੇ । ਗੁਰਦੁਆਰਿਆਂ ਵਿੱਚ ਗੁਰਮਤਿ ਅਤੇ ਰਹਿਤ ਮਰਿਯਾਦਾ ਦੇ ਉਲਟ ਹੋ ਰਹੀਆਂ ਕਾਰਵਾਈਆਂ, ਪਰੰਪਰਾਵਾਂ ਆਦਿ ਨੂੰ ਬੰਦ ਕਰਕੇ ਇਸ ਸੰਬੰਧੀ ਸੰਗਤ ਨੂੰ ਸੁਚੇਤ ਕਰਕੇ ਸਿਖਿਅਤ ਕੀਤਾ ਜਾਵੇ । ਐਸੀਆਂ ਸਭ ਰਸਮਾਂ ਆਦਿ ਬੰਦ ਕੀਤੀਆਂ ਜਾਣ । ਬੋਰਡਾਂ ਰਾਹੀਂ ਪੈਮਫਲਿਟ ਅਤੇ ਕਿਤਾਬਚਿਆਂ ਰਾਹੀ ਗੁਰਮਤਿ ਗਿਆਨ ਹਰ ਗੁਰਸਿੱਖ ਤੱਕ, ਹਰ ਪਰਿਵਾਰ ਤੱਕ ਪੁਚਾਇਆ ਜਾਵੇ ਅਤੇ ਰੋਜ ਦੇ ਦੀਵਾਨਾ ਵਿੱਚ ਇਸਦਾ ਪ੍ਰਚਾਰ ਕੀਤਾ ਜਾਵੇ । ਗੁਰੂ ਘਰਾਂ ਦੇ ਸੇਵਾਦਾਰ, ਪ੍ਰਬੰਧਕ ਨੌਜਵਾਨਾਂ ਲਈ ਵਿਸ਼ੇਸ਼ ਕੁਇਜ਼ ਪ੍ਰੋਗਰਾਮ, ਕੈਂਪ ਸੈਮੀਨਾਰ, Discussions, Tele Films ਦਾ ਆਯੋਜਤ ਕਰਨ । **ਬੱਚਿਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਜੋੜਨ ਲਈ ਹਰ ਹੀਲਾ ਵਸੀਲਾ ਵਰਤਿਆ ਜਾਵੇ ।**

**ਸਿੱਖ ਪ੍ਰਚਾਰਕ** :- ਸਾਰੇ ਪ੍ਰਚਾਰਕ, ਕਥਾ ਵਾਚਕ, ਕੀਰਤਨੀਏ ਅਤੇ ਗ੍ਰੰਥੀ ਸਾਹਿਬਾਨ ਸਮੇਂ ਦੇ ਹਾਣੀ ਬਣਨ । ਵੱਧ ਤੋਂ ਵੱਧ ਇਤਿਹਾਸ ਅਤੇ ਗੁਰ ਸਿਧਾਂਤ ਆਪ ਪੜਨ ਅਤੇ ਸੰਗਤਾਂ ਨਾਲ ਸਾਂਝਾਂ ਕਰਨ । ਸਾਡੇ ਜੀਵਨ ਵਿੱਚ ਹੋ ਰਹਿਆਂ ਰੋਜ਼ ਮਰ੍ਹਾ ਦੀਆਂ ਕੁਰੀਤੀਆਂ ਅਤੇ ਮਨਮਤ ਕਾਰਵਾਈਆਂ ਪ੍ਰਤੀ ਸੰਗਤ ਨੂੰ ਸੁਚੇਤ ਕਰਨ । ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਰਾਹੀਂ ਵੱਧ ਤੋਂ ਵੱਧ ਪ੍ਰਾਣੀਆਂ ਨੂੰ ਪ੍ਰੇਰ ਕੇ ਅਮ੍ਰਿਤ ਛਕਣ ਲਈ ਤਿਆਰ ਕਰਨ । ਸਾਰੇ ਪ੍ਰਚਾਰਕਾਂ ਲਈ ਸਮੇਂ-ਸਮੇਂ Refresher Course ਕੈਂਪ ਅਤੇ ਵਰਕਸ਼ਾਪਾਂ ਕਰਨ, ਕਰਵਾਉਣ ਅਤੇ ਉਸ ਵਿੱਚ ਵੱਧ ਤੋਂ ਵੱਧ ਹਿਸਾ ਲੈਣ ।

**ਸਿੱਖ ਪਰਿਵਾਰਾਂ ਵਿੱਚ** :- ਆਮ ਰਹਿਣੀ ਬਹਿਣੀ ਵਿੱਚ ਅਤੇ ਰੋਜ਼ਾਨਾ ਜੀਵਨ ਵਿੱਚ ਸਿੱਖੀ ਸਿਧਾਂਤਾ ਦੀ ਅਣਦੇਖੀ ਰੋਕੀ ਜਾਵੇ । ਮਨਮਤਿ ਅਤੇ ਮਰਿਯਾਦਾ ਦੇ ਉਲਟ ਹੁੰਦੀਆਂ ਰਸਮਾਂ ਰਿਵਾਜਾਂ ਨੂੰ ਬੰਦ ਕੀਤਾ ਜਾਵੇ । ਬੱਚਿਆਂ ਨਾਲ ਅਤੇ ਆਪਸ ਵਿੱਚ

ਪੰਜਾਬੀ ਬੋਲੀ ਜਾਵੇ । ਵੱਧ ਤੋਂ ਵੱਧ ਗੁਰਮਤਿ ਸਾਹਿਤ ਅਤੇ ਕਿਤਾਬਾਂ ਘਰਾਂ ਵਿੱਚ ਲਿਆਦੀਆਂ ਜਾਣ । ਆਪ ਪੜੀਏ ਬੱਚਿਆਂ ਅਤੇ ਹੋਰਨਾ ਨੂੰ ਪੜਾਈਏ । ਖੁਸ਼ੀ ਗਮੀਂ ਸਮੇਂ ਹੁੰਦੇ ਸਮਾਂਗਮਾ ਵਿੱਚ ਹੋ ਰਹੀਆਂ ਬ੍ਰਾਹਮਣ ਵਾਦੀ, ਪੱਛਮੀ ਅਤੇ ਗੁਰਮਤਿ ਉਲਟ ਹੁੰਦੀਆਂ ਰਸਮਾਂ, ਕਾਰਜ ਅਤੇ ਕਰਮ ਬਿਲਕੁਲ ਬੰਦ ਕੀਤੇ ਜਾਣ । ਬੱਚਿਆਂ ਨੂੰ ਪ੍ਰੇਰ ਕੇ ਵੱਧ ਤੋਂ ਵੱਧ ਸਮਾਂ ਗੁਰਮਤਿ ਸਮਾਂਗਮਾ ਵਿੱਚ ਲੈ ਕੇ ਜਾਈਏ । ਬੱਚਿਆਂ ਨੂੰ Technology ਦੀ ਵਰਤੋਂ ਲਈ ਸਿੱਖੀ Sites, Channels ਅਤੇ ਹੋਰ ਸਮਾਗ੍ਰੀ ਵੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ ।

ਅੰਤ ਵਿੱਚ ਇਕੋ ਗੱਲ ਕਰਕੇ ਲੇਖ ਨੂੰ ਸੰਕੋਚਦਾ ਹਾਂ । ਆਓ ਆਪਾਂ ਖੁਦ ਬੱਚਿਆਂ ਲਈ ਮਿਸਾਲ ਬਣੀਏ । ਖੁਦ ਦਾ ਸੁਧਾਰ ਹੀ ਪਰਿਵਾਰ ਦਾ ਸੁਧਾਰ ਹੈ । ਪਰਿਵਾਰ ਦਾ ਸੁਧਾਰ ਹੀ ਸਮਾਜ ਦਾ ਸੁਧਾਰ ਹੈ ਤੇ ਪੰਥ ਦਾ ਸੁਧਾਰ ਹੈ । ਇੱਕ ਕਵੀ ਨੇ ਬੜਾ ਸੁੰਦਰ ਲਿਖਿਆ ਹੈ ਕਿ

ਇਹ ਦੁਨੀਆ ਰਸ਼ਕ ਕਰੇ, ਕੁਝ ਐਸਾ ਕਰ ਚਲੀਏ
ਕੋਈ ਐਸੀ ਖਤਾ ਕਰੀਏ, ਕੋਈ ਐਸਾ ਕਰਮ ਕਰੀਏ ।
ਬੁਝਦੇ ਹੋਏ ਦੀਪਕ ਤੇ ਕਿਉਂ ਆਪਾਂ ਗਿਲਾ ਕਰੀਏ ।
ਖੁਦ ਕਿੰਨੇ ਕੁ ਰੌਸ਼ਨ ਹਾਂ , ਆਓ ਇਸਦਾ ਪਤਾ ਕਰੀਏ ।

## ਗਤੀਵਿਧੀਆਂ

1. ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੂਰਬ

ਪ੍ਰਭਾਤ ਫੇਰੀਆਂ:- ਧੰਨ -ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਨੂੰ ਮਨਾਉਦੇ ਹੋਏ ਗੁਰਦੁਆਰਾ ਗੁਰਮਤਿ ਪ੍ਰਸਾਰ ਭਵਨ ਤੋਂ ਮਿਤੀ 30-10-2017 ਨੂੰ ਪ੍ਰਭਾਤ ਫੇਰੀਆਂ ਅਰੰਭ ਕੀਤੀਆਂ ਗਈਆਂ ਪ੍ਰਭਾਤ ਫੇਰੀਆਂ ਦੀ ਸਮਾਪਤੀ ਮਿਤੀ 03-10-2017 ਨੂੰ ਕੀਤੀ ਗਈ । ਪ੍ਰਭਾਤ ਫੇਰੀਆਂ ਵਿੱਚ ਹਰ ਰੋਜ਼ ਗੁਰਮਤਿ ਪ੍ਰਸਾਰ ਇੰਨਸਟੀਚਿਊਟ ਦੇ ਵਿਦਿਆਰਥੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਵੀ ਹਾਜ਼ਰੀਆਂ ਭਰੀਆਂ ।

**ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਸਮਾਗਮ** :- ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਗੁਰਮਤਿ ਪ੍ਰਸਾਰ ਭਵਨ ਵਿਖੇ ਮਿਤੀ 04-11-2017 (ਸ਼ਨੀਵਾਰ) ਨੂੰ ਸਵੇਰੇ 7.30 ਵਜੇ ਤੋਂ 10.30 ਵਜੇ ਤੱਕ ਗੁਰਮਤਿ ਸਮਾਗਮ ਹੋਏ । ਜਿਸ ਵਿੱਚ ਪ੍ਰਭਾਤ ਫੇਰੀਆਂ ਵਿੱਚ ਜਾਣ ਵਾਲੀ ਸਮੂਹ ਸੰਗਤ ਤੇ ਭਾਈ ਕੰਵਲਜੀਤ ਸਿੰਘ ਨੇ ਸੰਗਤੀ ਰੂਪ ਵਿੱਚ ਇਲਾਹੀ ਬਾਣੀ ਦੇ ਕੀਰਤਨ ਦੀ ਸੇਵਾ ਨਿਭਾਈ ਭਾਈ ਕਮਲਜੀਤ ਸਿੰਘ ਨੇ ਕਥਾ ਦੀ ਸੇਵਾ ਨਿਭਾਈ ਸਮਾਪਤੀ ਤੇ ਚਾਹ ਪਕੋੜਿਆਂ ਦੇ ਲੰਗਰ ਅਤੁੱਟ ਵਰਤਾਏ ਗਏ ।

ਨਾਨਕਸ਼ਾਹੀ ਜੰਤਰੀ ਅਨੁਸਾਰ ਮੱਘਰ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 16-11-2017 ਦਿਨ ਵੀਰਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ 'ਮੰਘਿਰਿ ਮਾਹਿ ਸੁਹੰਦੀਆ ਹਰਿ ਪਿਰ ਸੰਗਿ ਬੈਠੜੀਆ ॥' ਵਿਸ਼ੇ ਤੇ ਆਯੋਜਿਤ ਕੀਤਾ ਗਿਆ ਜਿਸ ਵਿਚੱ ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇੰਨਸਟੀਚਿਊਟ ਦੇ ਵਿਦਿਆਰਥੀਆਂ ਨੇ ਤੇ ਕਥਾ ਦੀ ਸੇਵਾ ਭਾਈ ਹਰਵੀਰ ਸਿੰਘ ਵਾਇਸ ਪ੍ਰਿੰਸੀਪਲ ਨੇ ਨਿਭਾਈ। ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤੇ ।

## ਫ੍ਰੀ ਮੈਡੀਕਲ ਕੈਂਪ ਮਿਤੀ 18-11-2017---ਰਿਪੋਰਟ

ਮਿਤੀ 18-11-2017 ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਵਲੋਂ ਸੁਸ਼ਮੋਹਿਨ ਮਨ ਕੇ ਦੀਪ ਵੈਲਫੇਅਰ ਸੋਸਾਇਟੀ ਦੇ ਸਹਿਯੋਗ ਨਾਲ ਇਕ ਫ੍ਰੀ ਮੈਡੀਕਲ ਸੇਵਾ ਕੈਂਪ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ, ਛੱਜੂ ਮਾਜਰਾ ਜ਼ਿਲਾ ਐਸ.ਏ.ਐਸ. ਨਗਰ ਵਿਖੇ ਆਯੋਜਿਤ ਕੀਤਾ ਗਿਆ । ਇਸ ਸਮੇਂ ਵਿਸ਼ੇਸ਼ ਉਪਰਾਲਾ ਕਰਕੇ ਲੋੜਵੰਦ ਅਤੇ ਆਮ ਲੋਕਾਂ ਦੀ ਸੇਵਾ ਲਈ ਸੋਸਾਇਟੀ ਵਿਖੇ ਚੈਰੀਟੇਬਲ ਕਲੀਨਿਕਲ ਲੈਬ ਦੀ ਆਰੰਭਤਾ ਕੀਤੀ ਗਈ । ਇਸ ਕੈਂਪ ਵਿਚ ੯੪ ਪ੍ਰਾਣੀਆਂ ਨੇ ਡਾਕਟਰੀ ਸੇਵਾਵਾਂ ਦਾ ਲਾਭ ਉਠਾਇਆ ।

**ਇਸ ਕੈਂਪ ਵਿੱਚ ਸੁਣਨ ਅਤੇ ਬੋਲਣ ਸਬੰਧੀ ਤਕਲੀਫਾਂ ਦਾ ਚੈੱਕ ਅੱਪ ਸਾਊਡ ਫਾਰ ਲਾਇਫ ਸੰਸਥਾਂ ਦੁਆਰਾ ਕੀਤਾ ਗਿਆ, ਜਨਰਲ ਚੈਕ ਅੱਪ ਦੀ ਸੇਵਾ ਡਾ. ਦੇਵਿੰਦਰ ਗਰਗ MBBS ਅਤੇ ਦੰਦਾ ਦਾ ਚੈਕ ਅੱਪ ਡਾ.ਅਮਨਪ੍ਰੀਤ ਕੌਰ (B.D.S.) ਦੁਆਰਾ ਨਿਭਾਈ ਗਈ ।ਇਸ ਮੌਕੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।**

**ਇਸ ਤੋਂ ਇਲਾਵਾ ਫ੍ਰੀ ਕਲਿਨੀਕਲ ਲੈਬਾਰਟੇਰੀ ਟੈਸਟ ਵੀ ਕੀਤੇ ਗਏ ਅਤੇ ਵਿਸ਼ੇਸ਼ ਪੈਕੇਜ ਬਹੁਤ ਹੀ ਰਿਆਇਤੀ ਦਰਾਂ ਤੇ ਕੀਤੇ ਗਏ ਜਿਸ ਦਾ ਲੋਕਾ ਨੇ ਭਰਵਾ ਲਾਭ ਉਠਾਇਆ।**

## ਦਸੰਬਰ ਮਹੀਨੇ ਦੇ ਸਮਾਗਮ:-

੧. ਨਾਨਕਸ਼ਾਹੀ ਜੰਤਰੀ ਅਨੁਸਾਰ ਮੱਘਰ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 15-12-2016 ਦਿਨ ਵੀਰਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ ਦੇ ਵਿਸ਼ 'ਪੋਖਿ ਤੁਖਾਰੁ ਨਾ ਵਿਆਪਈ ਕੰਠਿ ਮਿਲਿਆ ਹਰਿ ਨਾਹ ॥' ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ

# ਰਾਗ ਆਸਾਵਰੀ

ਪ੍ਰੋ. ਜਸਵਿੰਦਰ ਸਿੰਘ
98141-85854

ਥਾਟ-ਆਸਾਵਰੀ ਸੁਰ-ਗੰਧਾਰ ਧੈਵਤ ਨਿਸ਼ਾਦ ਕੋਮਲ ਬਾਕੀ ਸ਼ੁਧ
ਵਰਜਿਤ ਸੁਰ-ਆਰੋਹ ਵਿੱਚ ਗੰਧਾਰ ਤੇ ਨਿਸ਼ਾਦ ਜਾਤੀ-ਔੜਵ ਸੰਪੂਰਨ
ਵਾਦੀ-ਧੈਵਤ ਸੰਵਾਦੀ-ਗੰਧਾਰ ਸਮਾਂ-ਦਿਨ ਦਾ ਪਹਿਲਾ ਪਹਿਰ
ਸਮਪ੍ਰਕਿਰਤਿਕ ਰਾਗ - ਜੌਨਪੁਰੀ ਆਰੋਹ - ਸ, ਰੇ ਮ ਪ, ਧੁ ਸਂ ।
ਅਵਰੋਹ - ਸਂ, ਨੁੀ ਧੁ, ਪ, ਮਪ, ਗੁ, ਰੇ ਸ ।
ਪਕੜ - ਮ ਪ ਧੁ, ਮ ਪ, ਗੁ, ਰੇ ਸ ।

## ਸ਼ਬਦ - ਰਾਗ ਆਸਾਵਰੀ ਤਿੰਨ ਤਾਲ ਮੱਧ ਲੈਅ

| ਤਾਲ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| ਚਿੰਨ੍ਹ | X | | | | 2 | | | | 0 | | | | 3 | | | |
| ਸਥਾਈ | | | | | | | | | ਪ | ਸਂ | ਨੁੀ | ਸਂ | ਧੁ | ਮ | ਪਧੁ | ਮਧ |
| | | | | | | | | | ਹਉ | ਅਨ | ਦਿ | ਨ | ਹ | ਰਿ | ਨਾs | sਮ |
| | ਗੁ | ਰੇ | ਮ | ਮ | ਧੁ | ਮ | ਪ | - | ਪ | ਮ | ਪਧੁ | ਮਪ | ਗੁ | ਗੁ | ਰੇ | ਰੇ |
| | ਕੀ | ਰ | ਤ | ਨ | ਕ | ਰਉ | s | s | ਸ | ਤਿ | ਗੁs | ਰs | ਮੋ | ਕਉ | ਹ | ਰਿ |
| | ਗੁ | ਰੇ | ਗੁ | ਸ | ਰੇ | .ਨੁੀ | ਸ | ਸ | ਰੇ | ਰੇ | ਮ | ਮ | ਪ | ਪ | ਧੁ | ਸਂ |
| | ਨਾ | s | ਮ | ਬ | ਤਾ | s | ਇਆ | s | ਹਉ | ਹਰਿ | ਬਿ | ਨ | ਖਿ | ਨ | ਪ | ਲ |
| | ਧੁ | ਮ | ਪ | ਪ | ਗੁ | ਗੁ | ਰੇ | ਸ | | | | | | | | |
| | ਰ | ਹਿ | ਨ | ਸ | ਕਉ | s | s | s | | | | | | | | |
| | | | | | | | | | ਮ | ਮ | ਪ | ਪ | ਧੁ | ਧੁ | ਪ | ਧੁ |
| | | | | | | | | | ਹ | ਮ | ਰੈ | ਸ੍ਰ | ਵ | ਣ | ਸਿ | ਮ |
| | ਸਂ | ਸਂ | ਸਂ | ਸਂ | ਰੇਂ | ਨੁੀ | ਸਂ | ਸਂ | ਰੇਂ | ਰੇਂ | ਰੇਂ | ਰੇਂ | ਗੁਂਰੇਂ | ਗੁਂ | ਸਂ | ਸਂ |
| | ਰ | ਨ | ਹ | ਰਿ | ਕੀ | ਰ | ਤ | ਨ | ਹਉ | ਹਰਿ | ਬਿ | ਨ | ਰs | ਹਿ | ਨ | ਸ |
| | ਧੁ | ਮ | ਪ | ਪ | ਗੁ | ਗੁ | ਰੇ | ਸ | | | | | | | | |
| | ਕਉ | s | ਹਉ | s | ਇ | ਕ | ਖਿ | ਨ | | | | | | | | |
| | ਸਰੇ | ਮਪ | ਧੁਧੁ | ਮਪ | ਨੁੀਨੁੀ | ਧੁਪ | ਮਗੁ | ਰੇਸ | | | | | | | | |
| | ਰੇਮ | ਪਨੁੀ | ਧੁਪ | ਮਪ | ਸਂਨੁੀ | ਧੁਪ | ਮਗੁ | ਰੇਸ | | | | | | | | |
| | ਨੁੀਨੁੀ | ਧੁਪ | ਮਪ | ਸਂਨੁੀ | ਧੁਪ | ਮਪ | ਮਗੁ | ਰੇਸ | | | | | ਸਰੇ | ਮਪ | ਧੁਧੁ | ਮਪ |
| | ਪਮ | ਪਧੁ | ਸਂਨੁੀ | ਧੁਪ | ਰੇਂਗੁਂ | ਰੇਂਸਂ | ਨੁੀਧੁ | ਪਮ | ਸਰੇ | ਮਗੁ | ਰੇਸ | ਰੇਮ | ਪਮ | ਗੁਰੇ | ਮਪ | ਨੁੀਧੁ |
| | ਪਮ | ਗੁਗੁ | ਰੇਮ | ਪਧੁ | ਸਂਨੁੀ | ਧੁਧੁ | ਪਮ | ਗੁਗੁ | ਸਰੇ | ਮਪ | ਧੁਧੁ | ਪਮ | ਗੁਗੁ | ਰੇਮ | ਪਨੁੀ | ਧੁਧੁ |
| | ਪਧੁ | ਸਂਰੇਂ | ਗੁਂਰੇਂ | ਸਂਨੁੀ | ਧੁਧੁ | ਪਮ | ਗੁਗੁ | ਰੇਸ | ਰੇਮ | ਪਧੁ | ਸਂਰੇਂ | ਸਂਨੁੀ | ਧੁਧੁ | ਪਮ | ਗੁਗੁ | ਰੇਮ |

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਕਤੂਬਰ ਅਤੇ ਨਵੰਬਰ ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 84 | 169 | 253 |
| 2 | Eye | 07 | 13 | 20 |
| 3 | Cardiology | 02 | 33 | 35 |
| 4 | Dental | 28 | 64 | 92 |
| 5 | Gynaecology | 11 | 34 | 45 |
| 6 | Homoeopathy | 38 | 327 | 365 |
| 7 | Physiotherapy | 01 | 03 | 04 |
| | Total | 171 | 643 | 814 |
| | Laboratory | 99 | - | 99 |

## ਧੰਨਵਾਦਿ :

### 16 ਅਕਤੂਬਰ ਤੋਂ 15 ਨਵੰਬਰ ਵਿਚ ਪ੍ਰਾਪਤ ਸਹਾਇਤਾ ਦਾ ਵੇਰਵਾ:–

1. S. Naunihal Singh/ Mundi Kharar 300/-
2. S. Kamaljit Singh L.I.C. Colony 100/-
3. S. Narinder Bir Singh #1444/Sec. 34C/Chd 3,500/-
4. S. Darshan Singh/ H.M.T. Colony 100/-
5. S. Sarbjit Singh # 49A/Compact Home Kharar 2,600/-
6. Bibi Pritam Kaur #261/Sec. 45A/Chd 5,000/-
7. Dr. Shararpreet Kaur #127/4/Acme Height/Kharar 1,000/-
8. S. Jasjit Singh/ SBP Home/Sector-126/Kharar 500/-
9. S. Harjinder singh sachdeva #320/Sector-46A/Chd 10,000/-
10. S. Sarbjit Singh #49A/Comfort House/M.K. 2,600/-
11. Bibi Daljit Kaur #1729/Sector-33D/Chd 2,000/-
12. S. Harvinder Singh # 2/2A/Jangpura-A/New Delhi 1,100/-
13. S. Dhanwant Singh #447/Phase- 4/Mohali 1,000/-
14. Mrs. Vijay Kumar #111/Ram Darbar/Chd 200/-
15. Bibi Rajleen Kaur #836/Phase- II/Mohali 500/-
16. Bibi. Harleen Kaur Sarna #107G, Shivalik Vihar Naya Goan, Mohali 500/-
17. S. Harsharnpal Singh Bhatia #461/Sec. 44A/Chd 1,000/-
18. Bibi Gurdeep Kaur #461/Sec. 44A/Chd 1,000/-
19. Bibi Harpreet Kaur #461/Sec 44A/Chd 1,000/-
20. Bibi Manjit Kaur Ji/Mundi Kharar 100/-
21. Bhai Darshan Singh Ji/ Mundi Kharar 100/-
22. S. Amarjit Singh/ Mundi Kharar 100/-
23. Sh. Ram Prakash/ Mundi Kharar 100/-
24. Bibi Preetinder Kaur E-3 Greater Kailash Part-1/New Delhi 15,000/-
25. Brig. H.S. Oberoi #278/Sector-33A/Chd 8,000/-
26. S. Birinder Singh #6A/Sunny Enclave/Kharar 500/-
27. All Indian Sikh Federation(Regd.) D-9(G.F.) Green Park Main New Delhi 11,000/-
28. Mrs. Tripta Chopra #139/1/Sector-45A/Chd 1,500/-
29. Bibi Surjit Kaur#1444/Sector-34/Chd 1,000/-
30. Col. H.S Uppal #306/Sec. 33A/Chd 40,000/-
31. S. Tejpal Singh#3203/Sec. 46C/Chd 2,100/-
32. Bibi Manjit Kaur Bindra #1655/Sector-34D/Chd 1,000/-
33. Bibi Kulwant Kaur#1660/Sec. 34D/Chd 500/-
34. Bibi Kulwinder Kaur #2936/Chajju Majra Colony 100/-
35. Bibi Agya Kaur #1546/Sector-33D/Chd 6,600/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।